# ਦੂਸਰੀ ਉਦਾਸੀ

## ਭਾਗ – 1. ਤਲਵੰਡੀ ਤੋਂ ਸ੍ਰੀ ਲੰਕਾ

ਪੰਜਾਬ (ਪਾਕਿਸਤਾਨ) ➡ ਸਿੰਧ ➡ਗੁਜਰਾਤ (ਭਾਰਤ) ➡ਮਹਾਰਾਸ਼ਟਰ ➡ ਕਰਨਾਟਕ ➡ ਕੇਰਲ ➡ ਤਮਿਲਨਾਡੂ ➡ ਸ੍ਰੀ ਲੰਕਾ

**ਹਫਤ ਮਦਾਰ** ◈ - ਪੋਹ ਦੇ ਮਹੀਨੇ ਸੰਮਤ 1569 (ਮੁਤਾਬਿਕ 1512 ਈ.) ਨੂੰ ਗੁਰੂ ਸਾਹਿਬ ਮਰਦਾਨੇ ਨੂੰ ਨਾਲ ਲੈ ਕੇ ਪੱਖੋਕਿਆਂ* ਤੋਂ ਲੰਕਾ ਦੀ ਯਾਤਰਾ ਲਈ ਰਵਾਨਾ ਹੋਏ। ਠੰਡ ਹੋਣ ਕਰਕੇ ਮਰਦਾਨੇ ਨੇ ਗਰਮ ਕਪੜੇ ਲੈ ਲਏ। ਖਾਣ ਦਾ ਸਮਾਨ ਵੀ ਬੰਨ ਲਿਆ। ਹਾਲਾਂ ਗੁਰੂ ਸਾਹਿਬ ਨੇ ਮਨਾਂ ਕੀਤਾ ਸੀ ਕਿ ਸਫਰ ਵਿਚ ਜਿੰਨੇ ਸਾਦੇ ਤੇ ਹੌਲੇ ਰਹੋਗੇ ਓਨੇ ਹੀ ਸੌਖੇ ਰਹੋਗੇ। ਪਰ ਮਰਦਾਨਾ ਕਿਤੇ ਜ਼ਿੱਦ ਕਰ ਲੈਂਦਾ ਕਿ "ਬਾਬਾ ਭਾਰ ਤਾਂ ਮੈਂ ਚੁੱਕਣਾ ਹੈ। " ਪਹਿਲੇ ਦਿਨ 20-22 ਕਿ.ਮੀ. ਦਾ ਪੈਂਡਾ ਤਹਿ ਕਰਕੇ ਰਾਵੀ ਦੇ ਕੰਢੇ ਪਿੰਡ ਹਫਤ ਮਦਾਰ ਪਹੁੰਚੇ। ਇਹ ਪਿੰਡ ਭਾਈ ਫੇਰੂ ਖੁੰਡਾ ਮੋੜ (ਜੜ੍ਹਾਂ ਵਾਲਾ ਸੜਕ) ਤੋਂ 2 ਕਿਲੋਮੀਟਰ ਹਟਵਾ ਹੈ। ਲੱਗਦਾ ਇਥੇ ਕਿਸੇ ਵੇਲੇ 7 ਖਰਾਸ ਸਨ। ਜਿਸ ਕਰਕੇ ਪਿੰਡ ਦਾ ਨਾਂ ਹਫਤ ਮਦਾਰ (7 ਚੱਕੀਆਂ) ਪਿਆ। ਲੋਕਾਂ ਨੂੰ ਜਿਵੇ ਪਤਾ ਲੱਗਾ ਕਿ ਬਾਬਾ ਨਾਨਕ ਇਥੋਂ ਦੀ ਲੰਘ ਰਿਹਾ ਹੈ ਤਾਂ ਪਿੰਡ ਦਾ ਗਿੱਲ ਜਿਮੀਦਾਰ ਗੁਰੂ ਸਾਹਿਬ ਦੇ ਮਗਰ ਦੌੜਾ ਤੇ ਦਰਿਆ ਪਾਰ ਕਰਨ ਤੋਂ ਪਹਿਲਾਂ ਜਾ ਗੁਰੂ ਸਾਹਿਬ ਦੇ ਚਰਨ ਫੜੇ ਤੇ ਨਿਮਾਣੇ ਹੋ ਕੇ ਅਰਦਾਸ ਕੀਤੀ ਕਿ ਅੱਜ ਦੀ ਰਾਤ ਸਾਡੇ ਕੋਲ ਗੁਜਾਰੋ।

ਗੁਰੂ ਸਾਹਿਬ ਰਾਤ ਫਿਰ ਹਫਤ ਮਦਾਰ ਹੀ ਠਹਿਰੇ। ਇਲਾਕੇ ਨੂੰ ਸਤਿਨਾਮ, ਸਤਿ ਕਰਤਾਰ ਦਾ ਉਪਦੇਸ਼ ਦਿੱਤਾ। ਜਿਸ ਮੰਜੇ ਤੇ ਗੁਰੂ ਸਾਹਿਬ ਨੇ ਅਰਾਮ ਕੀਤਾ ਸੀ ਪਿੰਡ ਵਾਲਿਆਂ ਨੇ ਉਹ ਸਾਂਭ ਰਖਿਆਂ ਸੀ। ਓਥੇ ਫਿਰ ਜਿਹੜਾ ਯਾਦਗਾਰੀ ਗੁਰ ਅਸਥਾਨ ਬਣਿਆ ਉਹਦਾ ਨਾਂ 'ਸੱਚੀ ਮੰਜੀ' ਗੁਰਦੁਆਰਾ ਹੀ ਪਿਆ। (ਗੁਰੂ ਅਮਰਦਾਸ ਸਾਹਿਬ ਦਾ ਜੋੜਾ ਇਨਾਂ ਜਿਮੀਦਾਰਾਂ ਕੋਲ ਸੀ । ਉਹ ਜੋੜਾ ਵੀ ਗਿੱਲ ਟੱਬਰ ਨੇ ਸਾਂਭ ਰੱਖਿਆ ਸੀ। ਵਕਤ ਪਾ ਕੇ ਟੱਬਰ ਵਿਚ ਜਦੋਂ ਜਾਇਦਾਦ ਦਾ ਬਟਵਾਰਾ ਹੋਇਆ ਤਾਂ ਜੋੜੇ ਦਾ ਇੱਕ ਪੈਰ ਇਥੇ ਤੇ ਦੂਸਰਾ ਕਸਬਾ ਧੁੰਨੀ, ਜਿਲਾ ਹਾਫਜਾਬਾਦ ਪਹੁੰਚ ਗਿਆ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਹੱਥ ਦਾ ਸੋਟਾ ਇਨ੍ਹਾਂ ਨੂੰ ਬਖਸ਼ਿਆ ਸੀ। ਗੁਰਦੁਆਰਾ ਸਾਹਿਬ ਅੱਜ ਢੱਠ ਚੁੱਕਾ ਹੈ। )

ਨੋਟ: ਕੋਟ ਲਖਪਤ ਤਕ ਦੀ ਯਾਤਰਾ ਦਾ ਸਾਰਾ ਰੂਟ ਅੱਜ ਪਾਕਿਸਤਾਨ ਵਿਚ ਹੈ।

----◈----

**ਭਾਈ ਫੇਰੂ** - ਅਗਲੇ ਸਵੇਰੇ ਜਦੋਂ ਗੁਰੂ ਸਾਹਿਬ ਨੇ ਦਰਿਆ ਰਾਵੀ ਪਾਰ ਕੀਤਾ ਤਾਂ ਲਾਗੇ ਚਾਗੇ ਦੇ ਲੋਕ ਪਹਿਲਾਂ ਹੀ ਇੰਤਜਾਰ ਵਿਚ ਸਨ। ਅੱਗਲੇ ਪਿੰਡ ਦੇ ਉੱਪਲ ਖੱਤਰੀਆਂ ਦੀ ਹਵੇਲੀ ਵਿਚ ਲੋਕ ਜਮਾਂ ਹੋ ਚੁੱਕੇ ਸਨ। ਇਥੇ ਵੀ ਗੁਰੂ ਸਾਹਿਬ ਨੇ ਲੋਕਾਂ ਨੂੰ ਤਰਾਂ ਤਰਾਂ ਦੀਆਂ ਬੇ-ਤੁੱਕੀਆਂ ਪੂਜਾ ਵਿਧੀਆਂ ਕਰਨ ਤੋਂ ਵਰਜ ਕੇ ਇੱਕ ਨਿਰੰਕਾਰ ਦੇ ਲੜ੍ਹ ਲਾਇਆ। ਸਤਿਨਾਮ ਸਤਿਕਾਰ ਜੱਪਣ ਦਾ ਉਪਦੇਸ਼ ਦਿੱਤਾ। ਰੋਗੀਆਂ ਦੇ ਕੱਸ਼ਟ ਕੱਟੇ। ਦੁੱਖੀਆਂ ਦਾ ਉਧਾਰ ਕੀਤਾ। ਇਥੋਂ ਦੀ ਸਿੱਖ ਸੰਗਤ ਨੇ ਮਜ਼ਬ ਵਿਚ ਬਹੁਤ ਨਾਮਣਾ ਖੱਟਿਆ। ਭਾਈ ਫੇਰੂ ਇਸੇ ਹੀ ਪਿੰਡ ਦਾ ਹੋਇਆ ਹੈ। ਪਿੰਡ ਦਾ ਨਾਂ ਵੀ ਏਸੇ ਦੇ ਨਾਂ ਤੇ ਪੈ ਗਿਆ। ਇਥੇ ਅੱਜ ਭਾਈ ਫੇਰੂ ਕਸਬਾ ਹੈ।

----◈----

**ਘੁੰਮਣਕੇ**✚- ਨਾਲਦੇ ਪਿੰਡ ਦਾ ਇੱਕ ਖੱਤਰੀ ਪ੍ਰਵਾਰ ਸਾਹਿਬ ਨੂੰ ਆਪਣੇ ਪਿੰਡ ਜਿਹਦਾ ਨਾਂ 'ਘੁੰਮਣਕੇ' ਹੈ ਵਿਖੇ ਲੈ ਗਇਆ ਜਿਹੜਾ ਭਾਈ ਫੇਰੂ ਤੋਂ ਕੋਈ 3 ਕੁ ਕਿਲੋਮੀਟਰ ਪੱਛਮ ਦੱਖਣ ਹੈ। ਇਥੇ ਭਾਈ ਮੂਲੇ ਨੇ ਗੁਰੂ ਸਾਹਿਬ ਦਾ ਬਹੁਤ ਆਦਰ ਸਤਿਕਾਰ ਕੀਤਾ। ਇਕੱਠੇ ਹੋਏ ਲੋਕਾਂ ਨੂੰ ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਮੜੀਆਂ ਮਸਾਣਾਂ ਪਿੱਪਲਾਂ ਪੱਥਰਾਂ ਦੀ ਪੂਜਾ ਛੱਡ ਕੇ ਇੱਕ ਨਿਰੰਕਾਰ ਦੇ ਲੜ੍ਹ ਲੱਗੋ। ਵਿਚੋਂ ਇੱਕ ਸ਼ੈਤਾਨ ਨੇ ਉੱਚੀ ਜਿਹੀ ਕਹਿ ਦਿੱਤਾ ਕਿ "ਲਓ ਆਹ ਨਵੀਂ ਗਲ ਸੁਣ ਲਓ। ਅਖੇ ਮਾਤਾ ਨੂੰ ਮੰਨਣਾ ਛੱਡ ਦਿਓ। " ਸ਼ੈਤਾਨਾਂ ਨੇ ਕਿਲਕਾਰੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਅਜਿਹੀ ਹਾ ਹਾ, ਹੀ ਹੀ, ਹੂ ਹੂ ਹੋਈ ਕਿ ਗੁਰੂ ਸਾਹਿਬ ਨੂੰ ਆਪਣਾ ਵਖਿਆਨ ਅਤੇ ਕੀਰਤਨ ਬੰਦ ਕਰਨਾਂ ਪਿਆ। ਭਾਈ ਮੂਲੇ ਨੇ ਭੂਤਰੇ ਹੋਏ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਗੁਰੂ ਸਾਹਿਬ ਨੇ ਮੂਲੇ ਨੂੰ ਵਰਜ ਦਿੱਤਾ ਤੇ ਕਿਹਾ ਕਿ ਐਵੇ ਕੁਟੀਚਰਾਂ ਨੂੰ ਸਮਝਾਉਣ ਦਾ ਯਤਨ ਨਾਂ ਕਰੋ। ਕਿਹਾ ਜਾਂਦਾ ਕਿ ਓਥੇ ਦੇ ਮੂਲ ਨਿਵਾਸੀਆਂ ਦਾ ਹੁਣ ਤੱਕ ਓਹੋ ਹਾਲ ਹੈ: ਝਖਾਂ ਮਾਰਨ ਵਾਲੇ ਇਹ ਲੋਕ ਪਾਣੀ ਰਿੜਕਦੇ ਰਹਿੰਦੇ ਹਨ।

ਇਥੇ ਗੁਰੂ ਸਾਹਿਬ ਨੇ ਵਣ ਦੇ ਰੁੱਖ ਦੀ ਹੀ ਦਾਤਣ ਕੀਤੀ ਤੇ ਬਾਦ ਵਿਚ ਉਹ ਗੱਡ ਦਿੱਤੀ। ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਬੜੀ ਹੈਰਾਨੀ ਦੀ ਗਲ ਹੈ ਵਣ ਦੇ ਇੱਕ ਪਾਸੇ ਦੇ ਡ੍ਹਾਣ ਬਿਨਾ ਛਿਲੜ ਦੇ ਹਨ। ਸਾਨੂੰ ਨਹੀ ਲਗਦਾ ਕਿ ਵਣ ਦਾ ਰੁੱਖ ਅੱਜ ਬਚਿਆ ਹੋਵੇ।

----◈----

**ਛਾਂਗਾ ਮਾਂਗਾ** - ਘੁੰਮਣਕਿਆ ਤੋਂ 15 ਕਿਲੋਮੀਟਰ (ਪੱਤੋਕੀ ਤੋਂ 12 ਕਿ.ਮੀ) ਦਾ ਜੰਗਲੀ ਪੈਂਡਾ ਕਰਕੇ ਗੁਰੂ ਸਾਹਿਬ ਛਾਂਗਾ ਮਾਂਗਾ ਪਹੁੰਚੇ। ਓਥੇ ਇੱਕ ਜੋਗੀ ਆਪਣੇ ਸਰੀਰ ਨੂੰ ਕੋਹਦਾ ਰਹਿੰਦਾ ਸੀ। ਉਸ ਕੋਲ ਗਏ ਤੇ ਉਹਨੂੰ ਵੀ ਨਾਮ ਦੀ ਦਾਤ ਦੇ ਕੇ ਉਦਾਰ ਕੀਤਾ। ਕਿਹਾ ਜਾਂਦਾ ਹੈ ਕਿ ਬਾਦ ਵਿਚ ਇਲਾਕੇ ਵਿਚ ਉਸ ਜੋਗੀ ਨੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਅੰਦਾਜ਼ਾ ਹੈ ਕਿ ਇਥੇ ਗੁਰੂ ਸਾਹਿਬ ਇੱਕ ਤੋਂ ਵੱਧ ਵਾਰੀ ਆਏ। ਇਹ ਇਨਾਂ ਪ੍ਰਸਿਧ ਹੋ ਗਇਆ ਕਿ ਇਸ ਸਥਾਨ ਦਾ ਨਾਂ ਛੋਟਾ ਨਨਕਾਣਾ ਪੈ ਗਿਆ। ਸਿੱਖ ਰਾਜ ਵੇਲੇ ਇਥੇ ਇੱਕ ਕਿਲਾ ਬਣਿਆ ਕਿਲ੍ਹਾ ਨਾਨਕ ਸਿੰਘ।

----◈----

ਪੈੜ ਸਫਾ

*ਗਿਆਨੀ ਜੀ ਨੇ ਤਲਵੰਡੀ ਤੋਂ ਰਵਾਨਗੀ ਦੱਸੀ ਹੈ। ਪਰ ਕਰਤਾਰਪੁਰ ਦੀ ਪ੍ਰੰਪਰਾ ਅਨੁਸਾਰ ਰਵਾਨਗੀ ਪੱਖੋਕਿਆਂ ਤੋਂ ਬਣਦੀ ਹੈ।

◈ ਇਥੇ ਜੋ ਗੁਰੂ ਸਾਹਿਬ ਦੀ ਆਮਦ ਦੀ ਯਾਦਗਾਰ ਸੀ ਉਹ ਢਹਿ ਚੁੱਕੀ ਹੈ। ਇਕ ਖਸਤਾ ਹਾਲਤ ਵਿਚ ਕਮਰਾ ਬਚਿਆ ਹੈ।

✚ ਇਥੋਂ ਵਾਲੀ ਯਾਦਗਾਰ ਵੀ ਮਿੱਟ ਚੁੱਕੀ ਹੈ।



ਛੋਟਾ ਨਨਕਾਣਾ ਛਾਂਗਾ (ਫੋਟੋ-ਹਾਰੂਨ ਖਾਲਿਦ)

## ਚੂਹਣੀਆਂ- ਅਖੇ ਬਾਬਾ ਜੀ ਬੰਦੇ ਦੇ ਕੰਮ ਨੇਕ ਹੋਣੇ ਚਾਹੀਦੇ ਨਾਮ ਜੱਪਣ ਦਾ ਕੀ ਫਾਇਦਾ?

ਛਾਂਗਾ ਮਾਂਗਾ ਤੋਂ 14 ਕਿਲੋਮੀਟਰ ਦੱਖਣ ਵਲ ਚਲ ਕੇ ਗੁਰੂ ਸਾਹਿਬ ਨੇ ਪਿੰਡ ਚੂਹਣੀਆਂ ਦੇ ਸੇਠੀ ਖੱਤਰੀਆਂ ਦੇ ਘਰ ਵਿਸ਼ਰਾਮ ਕੀਤਾ। ਇਹ ਪ੍ਰਵਾਰ ਭਵਿਖ ਵਿਚ ਸਿੱਖੀ ਵਿਚ ਬਹੁਤ ਸਤਿਕਾਰਤ ਰਿਹਾ ਹੈ। ਇਹ ਨਗਰ ਪਹਿਲਾਂ ਹੀ ਰੂਹਾਨੀਅਤ ਦੇ ਰੰਗ ਵਿਚ ਸੀ। ਜਦੋਂ ਪਤਾ ਲੱਗਾ ਕਿ ਤਲਵੰਡੀ ਵਾਲਾ ਓਹ ਜਾਣੀ ਜਾਣ ਬਾਬਾ ਨਾਨਕ ਆਇਆ ਹੈ ਜਿਸ ਨੇ ਨਵਾਬ ਦੀ ਨੌਕਰੀ ਨੂੰ ਠੋਕਰ ਮਾਰ ਕੇ ਫਕੀਰੀ ਲੈ ਲਈ ਹੈ ਤਾਂ ਕੀ ਹਿੰਦੂ ਤੇ ਕੀ ਮੁਸਲਮਾਨ ਸਭ ਦੌੜੇ ਆਏ।



ਛੋਟਾ ਨਨਕਾਣਾ- ਹੁਜਰਾ ਸ਼ਾਹ ਮੁਕੀਮ ਦਾ ਅੱਜ ਇਹੋ ਕੁਝ ਬੱਚਿਆ ਹੈ।

ਭਰੀ ਸਭਾ 'ਚ ਹਰ ਇੱਕ ਨੇ ਆਪਣੇ ਮਨ ਦੀ ਕਹੀ। ਇੱਕ ਮਹਾਤਮਾ ਨੇ ਸਵਾਲ ਕਰ ਦਿੱਤਾ ਕਿ ਬਾਬਾ ਜੀ ਕਿਰਪਾ ਕਰੋ। ਸਾਨੂੰ ਲੋਕ ਅਕਸਰ ਕਹਿ ਦਿੰਦੇ ਨੇ ਕਿ ਨਾਮ ਜੱਪਣ ਨਾਲ ਕੁਝ ਨਹੀ ਹੁੰਦਾ, ਬੰਦੇ ਦੇ ਕਰਮ ਚੰਗੇ ਹੋਣੇ ਚਾਹੀਦੇ ਨੇ। ਚਲਣੀ ਨੇਕ ਹੋਵੇ। ਓਥੇ ਫਿਰ ਗੁਰੂ ਸਾਹਿਬ ਨੇ ਰਾਗ ਆਸਾ ਵਿਚ ਸ਼ਬਦ ਗਾਇਆ:-

ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥ ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ॥੧॥ ਕਰੇ ਵਖਿਆਣੁ ਜਾਣੈ ਜੇ ਕੋਈ ॥ ਅੰਮ੍ਰਿਤੁ ਪੀਵੈ ਸੋਈ ॥੧॥ ਰਹਾਉ ॥ ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥ ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥੨॥ ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥ ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥੩॥ ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥ ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥

ਗੁਰੂ ਸਾਹਿਬ ਨੇ ਸਾਫ ਸਾਫ ਲਫਜ਼ਾਂ ਵਿਚ ਦੱਸ ਦਿੱਤਾ ਕਿ ਬੰਦੇ ਦਾ ਨੇਕ ਚਲਣ ਨਾਮ ਦੇ ਮਾਰਗ ਦੀ ਪਹਿਲੀ ਪਉੜੀ ਹੈ। ਜੇ ਤੁਹਾਡਾ ਕਿਰਦਾਰ ਹੀ ਮਾੜਾ ਤਾਂ ਹਿਰਦੇ ਵਿਚ ਨਾਮ ਕਦੀ ਵੱਸੇਗਾ ਹੀ ਨਹੀ। ਬੰਦਾ ਸੱਚ ਨਾਲ ਯਰਾਨਾ ਪਾਵੇ, ਝੂਠ ਤੋਂ ਤੋਬਾ ਕਰੇ। ਹਰ ਕਿਸੇ ਨਾਲ ਮੁਹੱਬਤ, ਘਟ ਘਟ ਵਿਚ ਨਿਰੰਕਾਰ ਦੇ ਦਰਸ਼ਨ ਕਰੇ। ਫਿਰ ਕਿਤੇ ਨਾਮ ਨਾਲ ਪ੍ਰੀਤ ਬਣੇਗੀ। ਗੁਰੂ ਸਾਹਿਬ ਨੇ ਕਿਹਾ ਕਿ ਬੰਦੇ ਦੇ ਕਰਮ ਬੂਟੇ ਦੇ ਨਿਆਈ ਹਨ ਜਿੰਨਾਂ ਤੇ ਫਿਰ ਨਾਮ ਦਾ ਫਲ ਲੱਗਦਾ ਹੈ। ਬਿਨਾਂ ਬੂਟੇ ਦੇ ਫਲ ਨਹੀ ਤੇ ਫਲ ਬਿਨਾਂ ਬੂਟਾ ਵਿਅੱਰਥ ਹੈ।

----◆----

**ਹੁਜਰਾ ਸ਼ਾਹ ਮੁਕੀਮ**- ਚੂਹਣੀਆਂ ਤੋਂ ਸਵੇਰੇ ਚਲ ਕੇ 30 ਕਿਲੋ ਮੀਟਰ ਪੈਂਡਾ ਤਹਿ ਕਰਕੇ ਗੁਰੂ ਸਾਹਿਬ ਸ਼ਾਮੀ ਹੁਜਰਾ ਸ਼ਾਹ ਮੁਕੀਮ ਪਹੁੰਚ ਗਏ। ਓਥੇ ਉਹ ਮਸ਼ਹੂਰ ਪੀਰ ਸਯੱਦ ਬਹਾਉਦੀਨ ਜਿਲਾਨੀ (ਮੌਤ 1566 ਈ.) ਨੂੰ ਮਿਲੇ। ਇਸ ਪੀਰ ਬਾਰੇ ਕਹਿੰਦੇ ਹਨ ਕਿ ਬਹੁਤ ਲੰਮੀ ਉਮਰ ਦਾ ਹੋ ਕੇ ਮਰਿਆ ਸੀ। ਗੁਰੂ ਸਾਹਿਬ ਦੀ ਪੀਰ ਨਾਲ ਹੋਈ ਗੁਫਤਗੂ। ਪੀਰ ਨੇ ਜਨਾਨਾ ਲਿਬਾਸ ਪਾਇਆ ਹੋਇਆ ਸੀ। ਓਹਦੇ ਵੇਖਾ ਵੇਖੀ ਕਈ ਚੇਲਿਆਂ ਵੀ ਜਨਾਨਾ ਲਿਬਾਸ ਪਾਏ ਸਨ। ਸਾਹਿਬ ਨੇ ਓਨਾਂ ਨੂੰ ਇਸ ਵਿਖਾਵੇ ਜਾਂ ਪਾਖੰਡ ਤੋਂ ਵਰਜਿਆਂ ਤੇ ਉਪਦੇਸ਼ ਦਿੱਤਾ ਕਿ ਪ੍ਰੇਮ ਤੁਹਾਡੇ ਅੰਦਰੋਂ ਪੈਦਾ ਹੋਣਾ ਚਾਹੀਦਾ ਹੈ। ਸ਼ਬਦ ਕਿਹਾ:

ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥ ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥ ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥ ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥ ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥੧॥ ਰਹਾਉ ॥ ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥ ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥ ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥ ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥ ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥ ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥ ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥ ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥ ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥੪॥ ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥ ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥ ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ॥ ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥ ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥੬॥ ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥ ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥ ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥ ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥ ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥ ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥

ਵਕਤ ਪਾ ਕੇ ਇਥੇ ਵੀ ਸਿੱਖਾਂ ਦੀ ਵੱਡੀ ਸੰਗਤ ਹੋਈ। ਖੂਬਸੂਰਤ ਯਾਦਗਾਰੀ ਗੁਰਦੁਆਰਾ ਹੁੰਦਾ ਸੀ। ਹੁਣ ਖੰਡਰ ਹੀ ਬਚੇ ਹਨ।

----◆----

## ਦੀਪਾਲਪੁਰ– ਇਥੇ ਤਾਂ ਖੁਰਾਸਾਨ ਵਾਲੇ ਫਲ ਪੈਦਾ ਹੁੰਦੇ ਰਹਿਣਗੇ

ਇਲਾਕੇ ਵਿਚ ਗੁਰੂ ਸਾਹਿਬ ਦੀ ਆਮਦ ਬਾਰੇ ਖਬਰ ਅੱਗ ਵਾਗੂ ਫੈਲ ਚੁੱਕੀ ਸੀ। ਦੀਪਾਲਪੁਰ ਹੁਜਰਾ ਸ਼ਾਹ ਮੁਕੀਮ ਤੋਂ ਸਿਰਫ 18 ਕਿਲੋਮੀਟਰ ਹੈ। ਦੀਪਾਲਪੁਰ ਪਹੁੰਚ ਕੇ ਗੁਰੂ ਸਾਹਿਬ ਨੇ ਸ਼ਹਿਰ ਦੇ ਬਾਹਰ ਮਤਲਬ ਕਿਲ੍ਹਾ-ਕੋਟ ਤੋਂ ਬਾਹਰ ਹੀ ਡੇਰਾ ਲਾ ਲਿਆ।(ਯਾਦ ਰਹੇ ਦੀਪਾਲਪੁਰ ਉਸ ਵੇਲੇ ਮਸ਼ਹੂਰ ਰਿਆਸਤ ਹੁੰਦੀ ਸੀ। ਜਿਨੂੰ ਬਾਦਸ਼ਾਹ ਬਾਬਰ ਨੇ ਬਾਦ ਵਿਚ ਬੁਰੀ ਤਰਾਂ ਲੁੱਟਿਆ ਤੇ ਕਤਲਾਮ ਕੀਤਾ ਸੀ) ਲੋਕਾਂ ਤੇ ਸਾਧੂ ਸੰਤਾਂ ਦੀ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ। ਇਲਾਕੇ ਵਿਚ ਮੁਸਲਮਾਨ ਪੀਰਾਂ ਦਾ ਬੜਾ ਜੋਰ ਸੀ। ਪਰ ਗੁਰੂ ਸਾਹਿਬ ਦੀ ਸਿਫਤ ਸੀ ਕਿ ਪਹਿਲਾਂ ਆਗੂਆਂ ਨੂੰ ਨਿਵਾਉਦੇ ਸਨ। ਦੀਪਾਲਪੁਰ ਦਾ ਨਵਾਬ ਪਹਿਲਾਂ ਹੀ ਗੁਰੂ ਸਾਹਿਬ ਨੂੰ ਚੰਗੀ ਤਰਾਂ ਜਾਣਦਾ ਸੀ।

ਦੋ ਚਾਰ ਦਿਨ ਇਥੇ ਰਹਿ ਗੁਰੂ ਸਾਹਿਬ ਨੇ ਇੱਕ ਨਿਰੰਕਾਰ ਸਤਿ-ਕਰਤਾਰ ਦਾ ਪ੍ਰਚਾਰ ਕੀਤਾ। ਲੋਕਾਂ ਨੂੰ ਕੁਬੁੱਧ ਕਰਨ ਤੋਂ ਵਰਜਿਆ। ਕਿਰਤਾਂ (ਨਿਰੰਕਾਰ ਦੀਆਂ ਰਚਨਾਵਾਂ) ਦੀ ਪੂਜਾ ਤੋਂ ਵਰਜ ਕੇ ਕਰਤੇ ਦੀ ਪੂਜਾ ਤੇ ਲਾਇਆ। ਜਦੋਂ ਮਨ ਆਉਦਾ ਮਰਦਾਨਾ ਰਬਾਬ ਨਾਲ ਰੰਗ ਬੰਨ ਦਿੰਦਾ। ਗੁਰੂ ਸਾਹਿਬ ਦੀ ਸ਼ਰਨ ਵਿਚ ਸ਼ਹਿਰ ਦਾ ਇੱਕ ਅਮੀਰ ਬੰਦਾ ਹਾਜਰ ਹੋਇਆ। ਸ਼ਹਿਰ ਦਾ ਇੱਕ ਦੁਕਾਨਦਾਰ ਚੰਗੇਰ ਵਿਚ ਬੜੇ ਪ੍ਰੇਮ ਸਤਿਕਾਰ ਨਾਲ ਇੱਕ ਪਾਸੇ ਦੇਸੀ ਫਲ ਤੇ ਇੱਕ ਪਾਸੇ ਖੁਰਾਸਾਨ (ਈਰਾਨ ਤੋਂ ਉਪਰਲਾ ਇਲਾਕਾ- ਉਜਬੇਕਿਸਤਾਨ, ਤੁਰਕਮੈਨਿਸਤਾਨ ਤੇ ਕਾਬਲ ਦਾ ਉੱਤਲਾ ਹਿਸਾ) ਦੇ ਸੁੱਕੇ ਫਲ-ਮੇਵੇ ਲੈ ਕੇ ਗੁਰੂ ਸਾਹਿਬ ਦੀ ਸ਼ਰਨ ਵਿਚ ਹਾਜਰ ਹੋਇਆ। ਮਰਦਾਨੇ ਨੇ ਜਦੋਂ ਰੁਮਾਲ ਹਟਾਇਆ ਤਾਂ ਖੁਸ਼ ਹੋ ਕੇ ਬੋਲਿਆ ਬਾਬਾ ਜੀ ਵੇਖੋ ਤਰ੍ਹਾਂ ਤਰ੍ਹਾਂ ਦੇ ਮੇਵੇ।

ਗੁਰੂ ਸਾਹਿਬ ਨੇ ਉਸ ਧਨਾਢ ਕੋਲੋ ਪੁੱਛਿਆ ਭਾਈ ਤੂੰ ਇਹ ਪ੍ਰਦੇਸੀ ਮੇਵੇ ਕਿਵੇ ਲੈ ਆਇਓ? ਉਹ ਕਹਿੰਦਾ ਕਿ ਬਾਬਾ ਜੀ ਪਿੱਛੇ ਜਿਹੇ ਬਾਬਰ ਦੇ ਫੌਜੀ ਆਪਣੇ ਨਾਲ ਵਾਧੂ ਸਮਾਨ ਲੈ ਕੇ ਆਏ ਸਨ। ਪਹੁੰਚਦਾ ਪਹੁੰਚਦਾ ਸਾਡੇ ਹੱਥ ਵੀ ਲੱਗ ਗਿਆ। ਉਸ ਧਨਾਢ ਨੇ ਬੜੀ ਅਧੀਨਗੀ ਸਾਹਿਤ ਬੇਨਤੀ ਕੀਤੀ ਕਿ ਕੁਝ ਆਪਣੇ ਪਵਿਤ੍ਰ ਮੁੱਖ ਨੂੰ ਵੀ ਲਾਓ। ਗੁਰੂ ਸਾਹਿਬ ਨੇ ਇੱਕ ਦੋ ਛਕੇ ਤੇ ਫਿਰ ਮਰਦਾਨੇ ਨੂੰ ਹੁਕਮ ਕਰ ਦਿੱਤਾ ਕਿ ਸੰਗਤ ਵਿਚ ਵੰਡ ਦਿਓ।

ਉਸ ਧਨਾਢ ਦਾ ਪ੍ਰੇਮ ਵੇਖ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਦੀਪਾਲਪੁਰ ਵਿਚ ਜਿਹੜਾ ਵੀ ਤੁਸੀ ਫਲ ਬੀਜੋਗੇ ਉਗੇਗਾ ਤੇ ਫੁੱਲ ਫਲ ਦੇਵੇਗਾ ਭਾਵੇ ਠੰਡੇ ਇਲਾਕੇ ਦਾ ਫਲ ਹੋਵੇ ਭਾਵੇ ਗਰਮ ਇਲਾਕੇ ਦਾ।

ਕਿਉਕਿ ਗੁਰੂ ਸਾਹਿਬ ਦੀ ਚਾਰ ਚੁਫੇਰੇ ਧੁੰਮ ਪਈ ਹੋਈ ਸੀ। ਹਰ ਦੁਖੀਆ ਗੁਰੂ ਸਾਹਿਬ ਕੋਲ ਪਹੁੰਚ ਰਿਹਾ ਸੀ। ਨੌਰੰਗਾ ਨਾਂ ਦਾ ਕੋਹੜ ਦਾ ਮਰੀਜ ਗੁਰੂ ਸਾਹਿਬ ਦੇ ਦਰਬਾਰ ਲਾਗੇ ਪਹੁੰਚ ਕੇ ਉੱਚੀ ਉੱਚੀ ਰੋਏ। ਗੁਰੂ ਸਾਹਿਬ ਨੇ ਕਿਹਾ ਭਾਈ ਤੂੰ ਲਾਗੇ ਆ ਕੇ ਗੱਲ ਕਰ ਤੈਨੂੰ ਕੀ ਦੁਖ ਹੈ। ਕਹਿਣ ਲੱਗਾ ਬਾਬਾ ਮੈਨੂੰ ਮੌਤ ਦੇ ਦੇ। ਲਾਗੇ ਬੈਠੇ ਲੋਕਾਂ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਇਹ ਨੌਰੰਗਾ ਕੋਹੜੀ ਹੈ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਮਰਦਾਨਾ



ਦੀਪਾਲਪੁਰ ਸ਼ਾਨਦਾਰ ਗੁਰਧਾਮ ਦੇ ਖੰਡਰ

ਜਾ ਕੇ ਉਨੂੰ ਗੁਰੂ ਸਾਹਿਬ ਕੋਲ ਲੈ ਕੇ ਆਇਆ। ਗੁਰੂ ਸਾਹਿਬ ਨੇ ਨੌਰੰਗੇ ਦੇ ਸਿਰ ਤੇ ਬਖਸ਼ਸ਼ਾ ਵਾਲਾ ਹੱਥ ਰੱਖਿਆ ਤੇ ਉਪਦੇਸ਼ ਦਿੱਤਾ ਕਿ ਉਸ ਨਿਰੰਕਾਰ ਨੂੰ ਯਾਦ ਕਰ ਜਿਹੜਾ ਰੋਗਾਂ ਸੋਗਾਂ ਖੁਸ਼ੀਆਂ ਗਮੀਆਂ ਦਾ ਮਾਲਕ ਹੈ। ਮੌਤ ਕਿਉ ਮੰਗਣੀ ਹੈ ਨਿਰਮਲ ਜੀਵਨ ਦੀ ਦਾਤ ਮੰਗ। ਨਿਰੰਕਾਰ ਬੜਾ ਦਿਆਲੂ ਹੈ, ਕਿਰਪਾਲੂ ਹੈ।

ਇਤਹਾਸ ਗਵਾਹ ਹੈ ਕਿ ਨੌਰੰਗਾ ਨੌ ਬਰ ਨੌ ਹੋ ਗਇਆ ਤੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰਕ ਬਣਿਆ। ਨੌਰੰਗੇ ਦੀ ਕਬਰ ਵੀ ਦੀਪਾਲਪੁਰ ਦੇ ਗੁਰਦੁਆਰਾ ਸਾਹਿਬ ਦੇ ਨਾਲ ਹੀ ਹੈ। ਜਿੱਥੇ ਅੱਜ ਵਿਸ਼ਾਲ ਗੁਰਦੁਆਰਾ ਸਾਹਿਬ ਮੌਜੂਦ ਹੈ ਓਥੇ ਇੱਕ ਸੁੱਕਾ ਪਿੱਪਲ ਸੀ ਜਿਸ ਨੂੰ ਗੁਰੂ ਨਾਨਕ ਦੀ ਬਖਸ਼ਸ਼ ਦੇ ਜਲ ਨੇ ਹਰਾ ਕਰ ਦਿੱਤਾ। ਇਹ ਪਿੱਪਲ ਅੱਜ ਵੀ ਮੌਜੂਦ ਹੈ। ਬਹੁਤ ਹੀ ਖੂਬਸੂਰਤ ਗੁਰਦੁਆਰਾ ਹੁਣ ਹੌਲੀ ਹੌਲੀ ਢਹਿ ਰਿਹਾ ਹੈ।

----◈----

## ਪਾਕ ਪਟਨ: ਸ਼ੇਖ ਬ੍ਰਹਮ ਤੋਂ ਬਾਬਾ ਫਰੀਦ ਦੀ ਬਾਣੀ ਲਈ

ਦੀਪਾਲ ਪੁਰ ਤੋਂ 45 ਕਿਲੋਮੀਟਰ ਚਲ ਕੇ ਗੁਰੂ ਸਾਹਿਬ ਪਾਕ ਪੱਤਣ ਪਹੁੰਚੇ। ਪਾਕਪਟਨ ਬਹੁਤ ਹੀ ਪੁਰਾਣਾ ਸ਼ਹਿਰ ਹੈ। ਇਹਦਾ ਪਹਿਲਾ ਨਾਂ 'ਅਜੋਧਨ' ਹੁੰਦਾ ਸੀ। ਇਤਹਾਸ 'ਚ ਆਉਦਾ ਹੈ ਕਿ ਮਹਿਮੂਦ ਗਜਨਵੀ ਨੇ ਇਥੇ ਵੀ ਖੂਬ ਲੁਟਮਾਰ ਕੀਤੀ ਤੇ ਸ਼ਹਿਰ ਤਹਿਸ ਨਹਿਸ ਕਰ ਦਿੱਤਾ ਸੀ।

1240 ਈ. ਦੇ ਲਾਗੇ ਚਾਗੇ ਬਾਬਾ ਫਰੀਦ ਗੰਜ ਸ਼ੱਕਰ ਨੇ ਇਥੇ ਆ ਡੇਰਾ ਲਾਇਆ। ਉਨਾਂ ਨੇ ਟਿਕਾਣਾ ਐਨ ਸਤਲੁਜ ਦੇ ਪੱਤਣ ਤੇ ਬਣਾਇਆ। ਇਹ ਪੱਤਣ ਬਹੁਤ ਹੀ ਮਹੱਤਤਾ ਰੱਖਦਾ ਸੀ ਕਿਉਕਿ ਇਹ ਮੁਲਤਾਨ ਤੋਂ ਦਿੱਲੀ ਦੇ ਰਸਤੇ ਤੇ ਪੈਂਦਾ ਸੀ। ਹੌਲੀ ਹੌਲੀ ਅਜੋਧਨ ਨਾਲੋ ਪਾਕਪੱਤਣ ਜਿਆਦਾ ਮਸ਼ਹੂਰ ਹੋ ਗਿਆ। (ਅੱਜ ਕਲ ਇਹ ਪਾਕਪਟਨ ਕਹਾਉਦਾ ਹੈ)

ਜਦੋਂ ਗੁਰੂ ਸਾਹਿਬ ਇਥੇ ਪਹੁੰਚੇ ਬਾਬਾ ਫਰੀਦ ਦਾ ਜਾਨਸ਼ੀਨ ਬਾਬਾ ਸ਼ੇਖ ਇਬਰਾਹੀਮ ਫਰੀਦ ਸਾਨੀ ਗੱਦੀ ਤੇ ਸੀ ਜਿਸ ਨੂੰ ਸਿੱਖ ਇਤਿਹਾਸ ਵਿਚ ਸ਼ੇਖ ਬ੍ਰਹਮ ਕਰਕੇ ਲਿਖਿਆ ਹੋਇਆ ਹੈ। ਇਥੇ ਰਹਿ ਕੇ ਗੁਰੂ ਸਾਹਿਬ ਨੇ ਬਾਬਾ ਫਰੀਦ ਦੇ ਸਲੋਕਾਂ ਦਾ ਗੁਰਮੁਖੀ ਵਿਚ ਉਤਾਰਾ ਕੀਤਾ।

----◈----

**ਸ਼ੇਖ ਬ੍ਰਹਮ ਪਾਲਕੀ ਵਿਚ ਗੁਰੂ ਸਾਹਿਬ ਨੂੰ ਅੱਗਲਵਾਂਢੀ ਲੈਣ ਆਇਆ ਸੀ**◈–ਸਾਰੀਆਂ ਜਨਮ ਸਾਖੀਆਂ ਵਿਚ ਜਿਕਰ ਆਉਦਾ ਹੈ ਕਿ ਗੁਰੂ ਸਾਹਿਬ ਆਪਣੀ ਮਸਤੀ ਵਿਚ ਉਜਾੜ ਵਿਚ ਕੀਰਤਨ ਕਰ ਰਹੇ ਸਨ ਕਿ ਲਕੜੀਆਂ ਚੁੱਗਦਾ ਚੁੱਗਦਾ ਕਮਾਲ ਨਾਂ ਦਾ ਸ਼ਗਿਰਦ ਰਬਾਬ ਦੀ ਅਵਾਜ ਸੁਣ ਕੇ ਲਾਗੇ ਪਹੁੰਚ ਗਿਆ। ਉਹ ਧਰਮੀ ਬੰਦਾ ਸੀ ਜਦੋਂ ਉਸ ਨੇ ਗੁਰੂ ਸਾਹਿਬ ਦਾ ਕਲਾਮ ਸੁਣਿਆ ਤਾਂ ਗਦ ਗਦ ਕਰ ਉਠਿਆ। ਜਾ ਕੇ ਆਪਣੇ ਮੁਰਸ਼ਦ (ਸ਼ੇਖ ਬ੍ਰਹਮ) ਨੂੰ ਸਾਰਾ ਦੱਸਿਆ ਕਿ ਇੱਕ ਫਕੀਰ ਜੰਗਲ ਵਿਚ ਬੈਠਾ ਬੜਾ ਮਿੱਠਾ ਕਲਾਮ ਪੜ੍ਹ ਰਿਹਾ ਹੈ ਨਾਲ ਉਹਦੇ ਇੱਕ ਰਬਾਬੀ ਹੈ। ਸ਼ੇਖ ਨੇ ਪੁੱਛਿਆ ਕਿ ਕੋਈ ਤੁੱਕ ਤੈਨੂੰ ਯਾਦ ਹੋਈ। ਉਹ ਕਹਿੰਦਾ ਹਾਂ। ਉਸ ਨੇ ਉਹ ਤੁੱਕ ਬੋਲ ਸੁਣਾਈ:

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥

ਸ਼ੇਖ ਬ੍ਰਹਮ ਸਮਝ ਗਇਆ ਕਿ ਇਹ ਤਾਂ ਬਾਬਾ ਨਾਨਕ ਪਹੁੰਚ ਗਇਆ ਸਾਡੇ ਇਲਾਕੇ ਵਿਚ। ਝੱਟ ਪਾਲਕੀ ਤਿਆਰ ਕਰਵਾਈ ਤੇ ਕਮਾਲੇ ਨੂੰ ਨਾਲ ਲੈ ਕੇ ਜਾ ਬਾਬੇ ਦੇ ਹਾਜਰ ਹੋਏ। ਇਤਹਾਸ ਵਿਚ ਦਰਜ ਹੈ ਕਿ ਸ਼ੇਖ ਬ੍ਰਹਮ ਬਹੁਤ ਆਦਰ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਮਿਲਿਆ। ਗੁਰੂ ਸਾਹਿਬ ਨੂੰ ਪਾਕਪਤਣ ਵਿਚ ਰਹਿਣ ਲਈ ਬੇਨਤੀ ਕੀਤੀ। ਚਲਣ ਤੋਂ ਪਹਿਲਾਂ ਸ਼ੇਖ ਨੇ ਗੁਜਾਰਿਸ਼ ਕੀਤੀ ਕਿ ਬਾਬਾ ਜੀ ਕਿਰਪਾ ਹੋਵੇ ਜਾਂ ਉਹ ਸ਼ਬਦ ਮੈਨੂੰ ਸੁਣਨ ਨੂੰ ਮਿਲ ਜਾਏ। ਗੁਰੂ ਸਾਹਿਬ ਤੇ ਮਰਦਾਨੇ ਨੇ ਉਹ ਸ਼ਬਦ ਫਿਰ ਗਾਵਿਆ।

ਸਲੋਕ ਮਃ ੧ ॥ ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥ ਮਃ ੧ ॥ ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥ ਪਉੜੀ ॥ ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥ ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥ ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥ ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥ ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥ ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੮॥੧॥

ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਪਾਕਪਤਣ ਕੁਝ ਦਿਨ ਠਹਿਰੇ। ਸ਼ੇਖ ਜੀ ਨੇ ਬਾਬਾ ਫਰੀਦ ਦੀ ਸਾਰੀ ਬਾਣੀ ਕੰਠ ਕੀਤੀ ਹੋਈ ਸੀ। ਜਦੋਂ ਗੁਰੂ ਸਾਹਿਬ ਕੋਈ ਸ਼ਬਦ ਕਹਿੰਦੇ ਤਾਂ ਸ਼ੇਖ ਬ੍ਰਹਮ ਬਾਬਾ ਫਰੀਦ ਦੀ ਬਾਣੀ ਦੀ ਸਬੰਧਤ ਤੁੱਕ ਬੋਲਦਾ। ਆਪ ਵੀ ਕਵਿਤਾ ਕਹਿੰਦਾ। ਨਿਰੰਕਾਰ ਦੇ ਪ੍ਰੇਮੀ ਇੱਕ ਦੂਸਰੇ ਦੀ ਸੰਗਤ ਤੋਂ ਅਨੰਦਤ ਹੋ ਰਹੇ ਸਨ। ਬੜੇ ਪ੍ਰੇਮ ਨਾਲ ਗੁਰੂ ਸਾਹਿਬ ਨੇ ਸ਼ੇਖ ਬ੍ਰਹਮ ਨੂੰ ਕਬਰ ਪੂਜਣ ਤੋਂ ਵਰਜਿਆ ਤੇ ਘਟ ਘਟ ਵਿਚ ਬਿਰਾਜ ਰਹੇ ਨਿਰੰਕਾਰ ਦੇ ਲੜ ਲਾਇਆ।

ਇਥੇ ਹੀ ਗੁਰੂ ਸਾਹਿਬ ਨੇ ਆਸਾ ਦੀ ਵਾਰ ਦੀ ਰਚਨਾ ਸ਼ੁਰੂ ਕੀਤੀ। ਮੋਹਰਲੀਆ 9 ਪੌੜੀਆਂ ਇਥੇ ਹੀ ਸੰਪੂਰਨ ਹੋਈਆਂ। ਹੋਰ ਵੀ ਬਾਣੀ ਇਥੇ ਰਚੀ ਗਈ। ਅੰਮ੍ਰਿਤ ਵੇਲੇ ਹੀ ਬਾਬਾ ਤੇ ਮਰਦਾਨਾ ਕੀਰਤਨ ਸ਼ੁਰੂ ਕਰ ਦਿੰਦੇ ਸਨ।

ਇਸ ਰਚਨਾ ਦੀ ਜਰੂਰਤ ਕੁਝ ਇਸ ਤਰਾਂ ਪਈ ਕਿ ਸ਼ੇਖ ਬ੍ਰਹਮ ਨੇ ਗੁਰਮਤ ਸਬੰਧੀ ਤਰਾਂ ਤਰਾਂ ਦੇ ਸਵਾਲ ਕੀਤੇ ਸਨ। ਮਿਸਾਲ ਦੇ ਤੌਰ ਤੇ ਨਿਰੰਕਾਰ ਅਕਾਲ ਪੁਰਖ ਦੀ ਰਚਨਾ ਕਿਸ ਨੇ ਕੀਤੀ? ਸਾਹਿਬ ਨੇ ਜਵਾਬ ਦਿੱਤਾ ਸੀ ਕਿ:

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥੧॥


ਪਾਕਪੱਟਨ ਦੇ ਲਾਗੇ ਯਾਦਗਾਰੀ ਗੁਰ.ਟਿੱਬਾ ਸਾਹਿਬ

ਕਿ ਨਿਰੰਕਾਰ ਨੂੰ ਸਾਜਣ ਬਣਾਉਣ ਵਾਲਾ ਹੋਰ ਕੌਣ ਹੋ ਸਕਦਾ ਹੈ। ਇਹ ਸਭ ਓਸੇ ਦਾ ਆਪਣਾ ਹੀ ਖੇਲ ਹੈ। ਉਹਦੇ ਗੁਣਾਂ ਦੀ ਰਚਨਾ ਵੀ ਆਪ ਹੀ ਕਰਦਾ ਹੈ। ਫਿਰ ਸਰਗੁਣ ਸਰੂਪ ਵਿਚ ਆ ਕੁਦਰਤ ਰਚਦਾ ਹੈ। ਤੇ ਫਿਰ ਮਸਤੀ ਦੇ ਆਲਮ ਵਿਚ ਆਪਣੀ ਸਾਜੀ ਸ੍ਰਿਸਟੀ ਨੂੰ ਤਕਦਾ ਰਹਿੰਦਾ ਹੈ।

ਸ਼ੇਖ ਨੇ ਕਿਹਾ ਕਿ ਕੁਝ ਹਿੰਦੂਮਤ ਮਤਾਂਤਰ ਤਾਂ ਕਹਿੰਦੇ ਹਨ ਕਿ ਇਹ ਦੁਨੀਆ ਸਾਡੀ ਅੱਖ ਦਾ ਧੋਖਾ ਹੈ। ਕੁਝ ਵੀ ਸੱਚ ਨਹੀ। ਇਹ ਕੁਝ ਇਸ ਤਰਾਂ ਹੈ ਜਿਵੇ ਹਨੇਰੇ ਵਿਚ ਰੱਸੀ ਪਈ ਹੋਵੇ ਤੇ ਅਸੀ ਉਸਨੂੰ ਸੱਪ ਸਮਝ ਲਈਏ। ਗੁਰੂ ਸਾਹਿਬ ਨੇ ਸਲੋਕ ਕਿਹਾ:-

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥ ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥

ਗੁਰੂ ਸਾਹਿਬ ਨੇ ਇਸ ਗਲ ਤੇ ਦੁਖ ਜ਼ਾਹਿਰ ਕੀਤਾ ਤੇ ਕਿਹਾ ਕਿ ਸੱਚੇ ਦੀ ਰਚਨਾ ਵੀ ਸੱਚੀ ਹੈ। ਸਾਹਿਬ ਨੇ ਕਿਹਾ ਕਿ ਸ਼ੇਖ ਜੀ ਕੀ ਇਹ ਝੂਠ ਹੈ ਕਿ ਮੈਂ ਆਪ ਜੀ ਦੇ ਸਨਮੁਖ ਹੋ ਕੇ ਇਹ ਸਲੋਕ ਕਹਿ ਰਿਹਾ ਹਾਂ?

ਸੇਖ ਸਾਹਿਬ ਵੀ ਨਾਲ ਨਾਲ ਫਰੀਦ ਸਾਹਿਬ ਦੀ ਬਾਣੀ ਉਚਾਰਦੇ। ਖੁਦਾ ਦੀ ਸਿਫਤ ਸਲਾਹ ਸੁਣਕੇ ਗੁਰੂ ਸਾਹਿਬ ਨੇ ਫਿਰ ਓਥੇ ਸਲੋਕ ਕਿਹਾ:

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥ ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥ ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ਹ ਮੰਗਾ ਜਿ ਤੁਝੈ ਧਿਆਇਦੇ॥

ਖੁਦਾ ਦੀ ਸਿਫਤ ਸਲਾਹ ਸੁਣ ਸ਼ੇਖ ਬ੍ਰਹਮ ਦਾ ਹਿਰਦਾ ਖਿੱੜ ਉਠਿਆ। ਇਸ ਪ੍ਰਕਾਰ ਗੁਰੂ ਸਾਹਿਬ ਨੇ ਇਥੇ 9 ਪੌੜੀਆਂ ਕਹੀਆਂ ਜੋ ਵੱਖ ਵੱਖ ਪੜਾਵਾਂ ਤੇ ਹੋਏ ਵਾਧਿਆਂ ਦੇ ਬਾਦ ਆਸਾ ਦੀ ਵਾਰ ਕਹਿਲਾਈ ਤੇ ਅੱਜ ਇਸ ਦੀ ਗੂੰਜ ਹਰ ਗੁਰਦੁਆਰੇ ਵਿਚ ਸਵੇਰੇ ਪੈਂਦੀ ਹੈ। ਗੁਰੂ ਸਾਹਿਬ ਨੇ ਸ਼ੇਖ ਹੁਰਾਂ ਕੋਲੋ ਜਾਣ ਦੀ ਇਜਾਜਤ ਮੰਗੀ ਤੇ ਸ਼ੇਖ ਨੇ ਜ਼ਿੱਦ ਕੀਤੀ ਕਿ ਕਿਰਪਾ ਕਰ ਕੇ ਕਦੀ ਫਿਰ ਵੀ ਦਰਸ਼ਨ ਦੇਣਾ।

ਪਾਕਪਟਨ ਵਿਚ ਗੁਰੂ ਸਾਹਿਬ ਦੀ ਆਮਦ ਦੀਆਂ ਦੋ ਯਾਦਗਾਰਾਂ ਹਨ ਇੱਕ ਸ਼ਹਿਰ ਵਿਚ ਤੇ ਦੂਜੀ 30 ਕਿਲੋਮੀਟਰ ਹਟਵੀ ਟਿੱਬਾ ਅਭੋਰ।

----◈----

**ਬੂੜੇਵਾਲਾ** -ਪਾਕਪੱਤਣ ਤੋਂ 75 ਕਿਲੋ ਮੀਟਰ ਸਫਰ ਕਰਕੇ ਗੁਰੂ ਸਾਹਿਬ ਬੂਰੇਵਾਲਾ ਪਹੁੰਚੇ। ਇਥੇ ਬਾਬਾ ਹਾਜੀ ਸ਼ੇਰ ਮੁਹੰਮਦ

ਦੀਵਾਨ ਚਾਵਲੀ ਮੁਸਾਇਖ ਦੀ ਮਜ਼ਾਰ ਹੈ। ਕਿਹਾ ਜਾਂਦਾ ਹੈ ਕਿ ਸ਼ੇਰ ਮੁਹੰਮਦ ਹਿੰਦੁਸਤਾਨ ਦੇ ਪਹਿਲੇ ਮੁਸਲਮਾਨ ਪ੍ਰਚਾਰਕਾਂ 'ਚੋਂ ਹਨ। ਇਨਾਂ ਦਾ ਦਿਹਾਂਤ 730 ਈ. ਦੇ ਲੱਗ ਪਗ ਦਾ ਹੈ। ਇਹ ਚੁਹਣੀਆਂ ਦੇ ਰਾਜੇ ਮਹੀਪਾਲ ਦੇ ਪੁੱਤਰ ਸਨ। ਇਹਨਾਂ ਦੀ ਭੈਣ ਦਾ ਨਾਂ ਕੰਗਣ ਬਰਸ ਸੀ ਜਿਹਦੇ ਨਾਂ ਤੇ ਕੰਗਣਪੁਰ ਸ਼ਹਿਰ ਹੈ।

ਜਿਥੇ ਬਹਿ ਗੁਰੂ ਨਾਨਕ ਸਾਹਿਬ ਨੇ ਇੱਕ ਨਿਰੰਕਾਰ ਦਾ ਪ੍ਰਚਾਰ ਕੀਤਾ ਓਥੇ ਅੱਜ ਵੀ ਖੂਬਸੂਰਤ ਗੁਰਦੁਆਰਾ ਮੌਜੂਦ ਹੈ।

**ਬੂਰੇਵਾਲਾ ਤੋਂ ਵਿਹਾੜੀ ਪਹੁੰਚੇ।**

ਵਿਹਾੜੀ ਤੋਂ 35 ਕਿ. ਮੀ ਦਾ ਸਫਰ ਕਰਕੇ ਗੁਰੂ ਸਾਹਿਬ ਮੈਲਸੀ ਆਏ। ਮੈਲਸੀ ਤੋਂ ਤਕਰੀਬਨ 125 ਕਿ. ਮੀ. ਪੈਂਡਾ ਤਹਿ ਕਰਕੇ ਉੱਚ ਪਹੁੰਚੇ।

----◈----


## ਉੱਚ ਸ਼ਰੀਫ ਨਾਲ ਗੂੜਾ ਪਿਆਰ ਹੈ ਬਾਬੇ ਦਾ

ਉੱਚ ਨਗਰ ਕੋਈ 2500 ਸਾਲਾ ਪੁਰਾਣਾ ਦਸੀਦਾ ਹੈ। ਕਿਹਾ ਜਾਂਦਾ ਹੈ ਕਿ ਬਾਦਸ਼ਾਹ ਸਿਕੰਦਰ ਨੇ ਇਹ ਸ਼ਹਿਰ ਵਸਾਇਆ ਸੀ। ਪਰ ਕਈ ਇਤਹਾਸਕਾਰ ਇਸ ਤੋਂ ਵੀ ਜਿਆਦਾ ਪੁਰਾਣਾ ਮੰਨਦੇ ਹਨ। ਇਹ ਉਹ ਸਥਾਨ ਹੈ ਜਿੱਥੇ ਪੰਜਾਬ ਦੇ ਪੰਜੇ ਦਰਿਆ ਆਖਿਰ ਵਿਚ ਦਰਿਆ ਸਿੰਧ ਨਾਲ ਮਿਲਦੇ ਹਨ।

ਸਾਡਾ ਅੰਦਾਜ਼ਾ ਹੈ ਕਿ ਗੁਰੂ ਸਾਹਿਬ ਇੱਕ ਵਾਰੀ ਨਹੀ ਤਿੰਨ ਵਾਰੀ ਉੱਚ ਆਏ ਸਨ। ਭਾਈ ਮਨੀ ਸਿੰਘ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਬਹੁਤ ਛੋਟੀ ਉਮਰੇ ਭਾਈ ਮਰਦਾਨੇ (ਦਾਨਾ) ਨਾਲ ਪਾਕਪੱਤਣ ਗਏ ਸਨ। ਸਿਰਫ ਭਾਈ ਮਨੀ ਸਿੰਘ ਹੀ ਨਹੀ ਪੁਰਾਤਨ ਜਨਮ ਸਾਖੀ ਤੋ ਵੀ ਗੁਰੂ ਸਾਹਿਬ ਦੀ ਇਨਾਂ ਪੀਰਾਂ ਨਾਲ ਨੇੜਤਾ ਬਾਰੇ ਪਤਾ ਲੱਗਦਾ ਹੈ।



ਗੁਰ. ਪਹਿਲੀ ਪਾਤਸ਼ਾਹੀ, ਚੱਕ 317 ਈ.ਬੀ. ਬੂੜੇਵਾਲਾ ਜਿਲਾ ਵਿਹਾੜੀ।



**'ਟਿੱਬਾ ਬਾਬਾ ਨਾਨਕ' ਜਾਂ ਟਿੱਬਾ ਅਭੋਰ**- ਪਾਕਪੱਟਣ ਸ਼ਹਿਰ ਤੋਂ ਠੀਕ ਨੱਕ ਦੀ ਸੇਧ ਤੇ ਪੱਛਮ ਵਲ 'ਟਿੱਬਾ ਬਾਬਾ ਨਾਨਕ' ਹੈ। ਇਥੇ ਉੱਚੇ ਥੇਹ ਤੇ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ ਨਾਨਕਸਰ ਹੈ। ਇਸ ਦੀ ਸ਼ਾਨਦਾਰ ਇਮਾਰਤ ਅੱਜ ਵੀ ਮੌਜੂਦ ਹੈ। ਗੁਰਧਾਮ ਦੀਦਾਰ ਅਨੁਸਾਰ ਇਹ ਉਹ ਅਸਥਾਨ ਹੈ ਜਿਥੋਂ ਦਾ ਟੁੰਡਾ ਰਾਜਾ ਹੋਇਆ ਹੈ ਜਿਹਦੀ ਵਾਰ ਦੀ ਤਰਜ ਆਸਾ ਦੀ ਵਾਰ ਵਿਚ ਦਿੱਤੀ ਹੈ। ਉਸ ਟੁੰਡੇ ਰਾਜੇ ਦੇ ਜੁਲਮਾਂ ਕਾਰਨ ਇਹ ਸ਼ਹਿਰ ਉੱਜੜ ਗਇਆ ਸੀ ਤੇ ਅੱਜ ਥੇਹ ਹੀ ਹੈ। ਖਾਸ ਇਸ ਅਸਥਾਨ ਤੇ ਹੀ ਸ਼ੇਖ ਫਰੀਦ ਦੇ ਵੰਸ਼ਜ ਸ਼ੇਖ ਇਬਰਾਹੀਮ ਨਾਲ ਗੁਰੂ ਸਾਹਿਬ ਦੀਆਂ ਗੋਸ਼ਟਾਂ ਹੋਈਆਂ ਸਨ। (Location 30°20'53.2"N 73°10'52.9"E)

ਇਥੇ ਹੀ ਸ਼ੇਖ ਜੀ ਦੇ ਸੇਵਕ ਫਤਹਿਉਲਾ ਨੂਰੀ ਨੂੰ ਅੱਖਾਂ ਮੀਟਾ ਕੇ ਮੱਕੇ ਸ਼ਰੀਫ ਦਾ ਹੱਜ ਕਰਵਾ ਦਿੱਤਾ ਸੀ। ਨੂਰੀ ਨੇ ਫਿਰ ਛੇਤੀ ਹੀ ਦੇਹ ਤਿਆਗ ਦਿੱਤੀ। ਕਿਉਕਿ ਮਰਨ ਕਿਨਾਰੇ ਨੂਰੀ ਕਹਿੰਦਾ ਸੀ ਕਿ ਮੇਰੇ ਮੰਨ ਵਿਚ ਮਲਾਲ ਰਹੇਗਾ ਕਿ ਮੈਂ ਜਿੰਦਗੀ ਵਿਚ ਹੱਜ ਨਹੀ ਕਰ ਪਾਇਆ। ਨੂਰੀ ਦੀ ਕਬਰ ਗੁਰਦੁਆਰਾ ਸਾਹਿਬ ਦੇ ਪਾਸ ਹੀ ਬਣੀ ਹੋਈ ਹੈ। -(ਗੁਰਧਾਮ ਦੀਦਾਰ- 141 ਫੋਟੋ ਇਕਬਾਰ ਕੈਸਰ)

ਦਸਮ ਪਾਤਸ਼ਾਹ ਨੇ ਮਾਛੀਵਾੜੇ ਜਦੋਂ ਉੱਚ ਪੀਰ ਦਾ ਸਾਂਗ ਬਣਾਇਆ, ਉਹ ਵੀ ਸਾਬਤ ਕਰਦਾ ਹੈ ਕਿ ਦਸਮ ਗੁਰੂ ਸਾਹਿਬਾਨ ਤੱਕ ਇਹ ਪੀਰ ਸਿੱਖੀ ਵਿਚ ਸਤਿਕਾਰਤ ਸਨ।

ਉੱਚ ਵਿਖੇ ਇਨਾਂ ਪੀਰਾਂ ਦੇ ਖਾਨਦਾਨ ਕੋਲ ਗੁਰੂ ਸਾਹਿਬ ਦੀਆਂ ਪੰਜ ਨਿਸ਼ਾਨੀਆਂ ਵੀ ਮੌਜੂਦ ਹਨ ਜੋ ਉਨਾਂ ਨੇ ਮੰਗ ਕੇ ਗੁਰੂ ਸਾਹਿਬ ਕੋਲੋ ਲਈਆਂ ਇਹਨਾਂ ਵਿਚ;

1. ਇਕ ਜੋੜਾ ਖੜਾਵਾਂ (ਕਈ ਥਾਂਈ ਕੌਂਸ ਭਾਵ ਖੋਸਾ ਲਿਖਿਆ ਹੈ)
2. ਬੈਰਾਗਣ (ਨਾਲ ਦਿੱਤੀ ਫੋਟੋ ਵੇਖੋ)
3. ਗੁੱਰਜ (ਨਾਲ ਦਿੱਤੀ ਫੋਟੋ ਵੇਖੋ)

ਪੈੜ ਸਫਾ

ਗੁਰੂ ਸਾਹਿਬ ਦੀਆਂ ਦੱਖਣ ਦੀਆਂ ਯਾਤਰਾਂਵਾਂ ਨੂੰ ਜਦੋਂ ਨਕਸ਼ੇ ਤੇ ਵੇਖੀਦਾ ਹੈ ਤਾਂ ਸ੍ਰੀ ਲੰਕਾ ਤੋਂ ਲੈ ਕੇ ਐਮ ਪੀ ਤੱਕ ਸਾਫ ਪੈਟਰਨ ਨਜਰ ਆਉਦਾ ਹੈ। ਦੂਸਰੇ ਪਾਸੇ ਸਮੁੰਦਰ ਕਿਨਾਰੇ ਜਿਹੜੇ ਉਦਾਸੀ ਵਾਲੇ ਨਗਰ ਨਕਸ਼ੇ ਤੇ ਵੇਖਦੇ ਹਾਂ ਤਾਂ ਓਸ ਤੋਂ ਗਲ ਸਾਫ ਹੁੰਦੀ ਹੈ ਗੁਰੂ ਸਾਹਿਬ ਪੈਦਲ ਯਾਤਰਾ ਨਹੀ ਕਰ ਰਹੇ। ਫਿਰ ਸ਼ੁਰੂਆਤ ਬੰਦਰਗਾਹ ਲਖਪਤ ਤੇ ਓਨਾਂ ਦਾ ਸਥਾਨ ਹੋਣਾ ਸਾਬਤ ਕਰਦਾ ਹੈ ਕਿ ਓਨਾਂ ਨੇ ਬੇੜੇ ਦੀ ਵਰਤੋਂ ਕੀਤੀ। ਤੱਟ ਤੇ ਓਸ ਵੇਲੇ ਦੇ ਸਿਰਫ ਮਹੱਤਵਪੂਰਨ ਸਥਾਨਾਂ ਤੇ ਚਰਨ ਪਾ ਰਹੇ ਨੇ। ਛੋਟੇ ਮੋਟੇ ਛੱਡਦੇ ਜਾ ਰਹੇ ਨੇ।

ਕਿਰਪਾਲ ਸਿੰਘ- 122 ਵੀ ਮੰਨਿਆ ਹੈ ਕਿ ਸਾਹਿਬ ਉੱਚ ਤੋਂ ਅੱਗੇ ਬੇੜੀ ਰਾਂਹੀ ਗਏ।

ਕਈ ਲਿਖਾਰੀ ਜਿਹੜੇ ਇਤਹਾਸ ਦਾ ਮੁਢਲਾ ਪ੍ਰੰਪਰਾ ਸਿਧਾਂਤ ਨਹੀ ਸਮਝਦੇ ਉਨਾਂ ਨੇ ਗੁਰੂ ਸਾਹਿਬ ਤੇ ਸ਼ੇਖ ਬ੍ਰਹਮ ਦੀ ਗਲ ਬਾਤ ਤੋਂ ਇੱਕ ਨਵਾ ਅੰਦਾਜ਼ਾ ਲਾ ਲਿਆ ਹੈ। ਅਖੇ ਜਿਹੜੇ ਗੁਰੂ ਗਰੰਥ ਸਾਹਿਬ ਵਿਚ ਬਾਬਾ ਫਰੀਦ ਦੇ ਸਲੋਕ ਹਨ ਉਹ ਏਸੇ ਸ਼ੇਖ ਬ੍ਰਹਮ ਦੇ ਹਨ। ਇਨਾਂ ਸੱਜਣਾਂ ਦਾ ਧਿਆਨ ਅਸੀ ਪਾਕਪਤਨ ਦੀ ਜੀਦੀ ਪ੍ਰੰਪਰਾ ਵਲ ਖਿਚਦੇ ਹਾਂ। ਓਥੇ ਲਗਾਤਾਰ ਇੱਕ ਦੋ ਬਾਦ ਦੂਜਾ ਗੱਦੀ ਨਸ਼ੀਨ ਚਲਿਆ ਆ ਰਿਹਾ ਹੈ। ਕਹਿਣ ਤੋਂ ਮਤਲਬ ਪ੍ਰਵਾਹ ਟੁੱਟਿਆ ਨਹੀ। ਅਜਿਹੇ ਮਸਲੇ ਵਿਚ ਪ੍ਰੰਪਰਾ ਦੀ ਵੱਡੀ ਅਹਿਮੀਅਤ ਹੁੰਦੀ ਹੈ। ਇਤਹਾਸ ਦਾ ਸਿਧਾਂਤ ਹੈ, "ਪ੍ਰੰਪਰਾ ਹਮੇਸ਼ਾਂ ਸੱਚੀ ਹੁੰਦੀ ਜਿੰਨਾਂ ਚਿਰ ਉਨੂੰ ਝੂਠੀ ਸਾਬਤ ਨਾਂ ਕਰ ਸਕੋ।'

◈ ਬੀ:40-70। ਸੋਢੀ: 488 ਤੋ 508 ਵਿਚ ਹੋਰ ਬੜੇ ਵਿਸਥਾਰ ਅਤੇ ਖੂਬਸੂਰਤ ਅੰਦਾਜ਼ ਵਿਚ ਇਹ ਗੋਸ਼ਟੀ ਦਿਤੀ ਹੈ। ਸ਼ੇਖ ਇਬਰਾਹੀਮ ਨਾਲ ਖੇਮਕਰਨ ਵਿਖੇ ਵੀ ਗੁਰੂ ਸਾਹਿਬ ਦਾ ਮੇਲ ਹੁੰਦਾ ਹੈ।

4. ਪੱਥਰ ਦੀਆਂ ਦੋ ਫਕੀਰੀ ਚੂੜੀਆਂ
5. ਬੇੜੀ (ਦਾ ਮਾਡਲ) ਜੋ ਡੇਢ ਫੁੱਟ ਲੰਮੀ ਤੇ ਇੱਕ ਫੁੱਟ ਚੌੜੀ

ਅੰਦਾਜ਼ਾ ਲਾਇਆ ਜਾਏ ਕਿ ਕਿਸੇ ਦੀ ਨਿਸ਼ਾਨੀ ਕਦੋਂ ਕੋਈ ਸਾਂਭਦਾ ਹੈ? ਭਾਵ ਗੁਰੂ ਸਾਹਿਬ ਪ੍ਰਤੀ ਇਨਾਂ ਦਾ ਡਾਹਢਾ ਸਤਿਕਾਰ ਸੀ।

ਫਿਰ ਹੋਰ ਸਮਾਨਤਾ ਵੇਖੋ: ਇਹ ਪੀਰ ਆਪਣੇ ਕੇਸ ਨਹੀ ਸਨ ਕੱਟਦੇ ਹੁੰਦੇ। ਅੱਜ ਕਲ ਜਰੂਰ ਫੈਸ਼ਨਪ੍ਰਸਤੀ ਦੇ ਦੌਰ ਵਿਚ ਇਨਾਂ ਦੇ ਮੁੰਡੇ ਕੇਸ ਕੱਟ ਲੈਂਦੇ ਹਨ।

ਇਨਾਂ ਵਿਚ ਇੱਕ ਕਹਾਣੀ ਪ੍ਰਚਲਤ ਹੈ ਕਿ ਵੱਡੇ ਪੀਰ ਜਲਾਲੁਦੀਨ (ਸੁਰਖ ਪੋਸ਼) ਬੁਖਾਰੀ (1199- 1291ਈ.) ਦੇ ਪੋਤਰੇ ਜਹਾਨੀਆਂ-ਜਹਾਨ-ਗਸ਼ਤ ਜਿਸ ਨੇ ਦੁਨੀਆਂ ਭਰ ਦੀ ਸੈਰ ਕੀਤੀ ਸੀ ਇੱਕ ਵਾਰ ਹਜਰਤ ਮੁਹੰਮਦ ਦੀ ਗੋਰ ਦੇ ਦਰਸ਼ਨ ਕਰਨ ਚਲਾ ਗਿਆ। ਓਥੇ ਮੌਜੂਦ ਮਜੌਰ (ਮੌਲਾਣਾ ਅਤਰੀ) ਨੇ ਜਹਾਨੀਆਂ ਨੂੰ ਅੰਦਰ ਜਾਣ ਤੋਂ ਮਨਾਂ ਕਰ ਦਿੱਤਾ ਇਹ ਕਹਿ ਕੇ ਕਿ ਜਾ ਪਹਿਲਾਂ ਆਪਣੀਆ ਜ਼ੁਲਫਾਂ ਮੁਨਾ ਕੇ ਆ। ਜਹਾਨੀਆ ਨੇ ਓਨੂੰ ਜਵਾਬ ਦਿੱਤਾ ਕਿ ਮੈਂ ਸਯੱਦ ਖਾਨਦਾਨ (ਹਜਰਤ ਮੁਹੰਮਦ ਦਾ ਖਾਨਦਾਨ) 'ਚੋ ਹਾਂ। ਮੇਰੀਆਂ ਜ਼ੁਲਫਾਂ ਕੋਈ ਸਯੱਦ ਹੀ ਮੁੰਨ ਸਕਦਾ ਹੈ। ਮੌਲਾਣਾ ਕਹਿੰਦਾ ਕਿ ਤੁਸੀ ਕਿਥੋਂ ਆਏ ਹੋ? ਇਨੇ ਦੱਸਿਆ ਕਿ ਮੈਂ ਹਿੰਦ ਤੋਂ ਹਾਂ। ਮੌਲਾਣਾ ਹੱਸ ਪਿਆ ਕਹਿੰਦਾ ਕਿ ਹਿੰਦ 'ਚ ਸੱਯਦ ਕਦੋਂ ਦੇ ਹੋ ਗਏ? ਓਥੇ ਫਿਰ ਕਿਹਾ ਜਾਂਦਾ ਹੈ ਕਿ ਹਜਰਤ ਮੁਹੰਮਦ ਦੀ ਕਬਰ 'ਚੋਂ ਅਵਾਜ ਆਈ ਕਿ ਇਹ ਮੇਰਾ ਦੋਹਤਰਾ ਜਿਸ ਤੋਂ ਮੈਂ ਬਲਿਹਾਰ ਜਾਂਦਾ ਹਾਂ।





ਉੱਚ ਦਾ ਵੱਡਾ ਪੀਰ ਮਖਦੂਮ ਸੱਯਦ ਸੁਲਤਾਨ ਜਹਾਨੀਆ ਗੁਰੂ ਸਾਹਿਬ ਦੀਆਂ ਨਿਸ਼ਾਨੀਆ ਗੁਰਜ ਅਤੇ ਬੈਰਾਗਣ ਦਿਖਾਉਦੇ ਹੋਏ। ਹੇਠਾਂ ਬੈਰਾਗਣ।

ਕਹਿਣ ਤੋਂ ਮਤਲਬ ਇਹ ਪੀਰ ਕੇਸ ਨਹੀ ਸਨ ਕੱਟਦੇ। ਓਧਰ ਹਿੰਦੂਮਤ ਵਿਚ ਵੀ ਸਾਧੂ ਸੰਤ ਵਾਸਤੇ ਕੇਸ ਕੱਟਣੇ ਨਹਾਇਤ ਵਰਜਿਤ ਸਨ। (ਦੇਖੋ ਸਫਾ-523)

ਦੂਸਰੀ ਗਲ ਇਨਾਂ ਵਿਚ ਦੂਰ ਦੁਰਾਡੇ ਦੇਸ਼ਾਂ ਵਿਚ ਸੈਰ ਕਰਨ ਜਾਣਾ ਪ੍ਰਚਲਤ ਸੀ ਤੇ ਇਸ ਨੂੰ ਚੰਗਾ ਸਮਝਿਆ ਜਾਂਦਾ ਸੀ।

----◆----

## ਉੱਚ ਦੇ ਪੀਰ ਨੂੰ ਗੁਰਮੁਖ ਦੀ ਪਰਿਭਾਸ਼ਾ ਦੱਸੀ

ਸਵੇਰੇ ਸਵੱਖਤੇ ਗੁਰੂ ਸਾਹਿਬ ਪੰਜਨੱਦ (ਸਤਲੁਜ) ਵਿਚ ਇਸਨਾਨ ਕਰਦੇ ਹੋਏ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ। ਨਾਲ ਹੀ ਕੁਝ ਮੁਸਲਮਾਨ ਸਿੰਧੀ ਵੀ ਨਹਾ ਰਹੇ ਸਨ। ਉਹ ਗੁਰੂ ਸਾਹਿਬ ਦੇ ਕਲਾਮ ਨੂੰ ਬੜੇ ਧਿਆਨ ਨਾਲ ਸੁਣ ਰਹੇ ਸਨ। ਉਨਾਂ ਅਰਜ ਕਰਕੇ ਗੁਰੂ ਸਾਹਿਬ ਦੀ ਬਾਣੀ ਦੁਬਾਰਾ ਸੁਣੀ ਤੇ ਹੇਠਲੀਆਂ ਤੁਕਾਂ ਤੇ ਸ਼ੰਕਾ ਜਿਤਾ ਦਿੱਤੀ:-

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇੱਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥

ਅਤੇ

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇੱਕ ਵਾਤ ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥

ਉਸ ਸਿੰਧੀ ਨੇ ਝੱਟ ਜਾ ਕੇ ਉੱਚ ਪੀਰ ਕੋਲ ਸ਼ਕਾਇਤ ਕੀਤੀ ਕਿ ਇੱਕ ਹਿੰਦੂ ਫਕੀਰ ਕੁਝ ਇਸ ਤਰਾਂ ਕਹਿ ਰਿਹਾ ਹੈ ਕਿ ਗੁਰਮੁੱਖ ਸਭ ਦੇਵੀ ਦੇਵਤਿਆਂ ਅਵਤਾਰਾਂ ਤੋਂ ਵੀ ਉੱਚੇ ਹੁੰਦੇ ਹਨ ਤੇ ਦੂਸਰੀ ਇਸਲਾਮ ਦੇ ਸਿਧਾਂਤ ਕਿ 14 ਅਕਾਸ ਤੇ ਪਤਾਲ ਹਨ ਦੇ ਵੀ ਖਿਲਾਫ ਗਲ ਕਰ ਰਿਹਾ ਹੈ ਅਖੇ ਲੱਖਾਂ ਹੀ ਅਕਾਸ਼ ਤੇ ਪਤਾਲ ਹਨ।

ਪੀਰ ਨੇ ਉਸ ਸਿੰਧੀ ਨੂੰ ਹੁਕਮ ਕੀਤਾ ਕਿ ਜਾ ਉਸ ਫਕੀਰ ਨੂੰ ਬੜੇ ਅਦਬ ਨਾਲ ਮੇਰੇ ਕੋਲ ਲੈ ਕੇ ਆ। ਸਿੰਧੀ ਨੇ ਗੁਰੂ ਸਾਹਿਬ ਨੂੰ ਗੁਜਾਰਿਸ਼ ਕੀਤੀ ਕਿ ਸਾਡੇ ਪੀਰ ਤੁਹਾਡੇ ਨਾਲ ਗੁਫਤਗੂ ਕਰਨਾਂ ਚਾਹੁੰਦੇ ਹਨ, ਸਾਡੇ ਨਾਲ ਚਲੋ।

ਇਸ ਤਰਾਂ ਉੱਚ ਦੇ ਪੀਰ ਨਾਲ ਗੁਰੂ ਸਾਹਿਬ ਦੀ ਪਹਿਲੀ ਮਿਲਣੀ ਹੁੰਦੀ ਹੈ। ਗੁਰੂ ਸਾਹਿਬ ਨੇ ਪੀਰ ਨੂੰ ਸਮਝਾਇਆ ਕਿ ਗੁਰਮੁਖ ਉਹ ਹੁੰਦਾ ਹੈ ਜੋ ਪੂਰੀ ਤਰਾਂ ਖੁਦਾ ਦੀ ਰਜਾ ਵਿਚ ਰਹਿੰਦਾ ਹੈ। ਲਾਗੇ ਬੈਠਾ ਸਿੰਧੀ ਬੋਲ ਉਠਿਆ ਸਾਡੇ ਪੀਰ ਗੁਰਮੁਖ ਤੋਂ ਉਤੇ ਹਨ। ਗੁਰੂ ਸਾਹਿਬ ਨੇ ਕਿਹਾ "ਨਹੀ। ਤੁਹਾਡੇ ਪੀਰ ਕਦੀ ਖੁਦਾ ਦਾ ਹੁਕਮ ਅਦੂਲ ਦੇ ਹਨ। ਕਰਮਾਤਾਂ ਕਰ ਦਿੰਦੇ ਹਨ। " ਪੀਰ ਕੋਲ ਕੋਈ ਜਵਾਬ ਨਹੀ ਸੀ।

ਖੈਰ ਰਾਂਤੀ ਪੀਰ ਜਦੋਂ ਸੁੱਤਾ ਤਾਂ ਸੁਪਨਾ ਆਇਆ ਜਿਸ ਵਿਚ ਖੁਦਾ ਨੇ ਪੀਰ ਨੂੰ ਗੁਰਮੁਖਾਂ ਤੋਂ ਥੱਲੇ ਰੱਖਿਆ। ਗੁਰਮੁਖਾਂ ਵਾਸਤੇ ਭੋਜਨ ਦੇ ਥਾਲ ਉਤਰਦੇ ਹਨ ਤੇ ਪੀਰ ਮੂੰਹ ਵੇਖਦਾ ਰਹਿੰਦਾ ਹੈ। ਫਿਰ



ਗੁਰੂ ਸਾਹਿਬ ਦੀ ਮੱਕਾ ਮਦੀਨਾ ਫੇਰੀ ਮੌਕੇ ਉੱਚ ਦਾ ਇਕ ਪੀਰ ਉਹਨਾਂ ਦੇ ਨਾਲ ਸੀ। ਜਨਮਸਾਖੀਆਂ ਉਹਦਾ ਸਹੀ ਨਾਂ ਨਹੀ ਦੇ ਸਕੀਆਂ। ਕਿੱਤੇ ਪੀਰ ਜਲਾਲ ਲਿਖਿਆ ਕਿਤੇ ਬਹਾਵਦੀ, ਕਿਤੇ ਰੁਕਨੁਦੀਨ ਅਤੇ ਹੋਰ। ਅੱਗੇ ਅਸੀ ਪੜਾਂਗੇ ਕਿ ਮੱਕੇ ਵਿਚ ਤਾਂ ਬਕਾਇਦਾ ਗੁਰੂ ਸਾਹਿਬ ਦੇ ਨਾਂ ਦੀ ਮਸੀਤ ਵੀ ਬਣ ਗਈ ਸੀ, ਜਿਥੇ ਗੁਰੂ ਸਾਹਿਬ ਦੀ ਜੁੱਤੀ ਨੂੰ ਸਜਦਾ ਕੀਤਾ ਜਾਂਦਾ ਸੀ। ਇਤਹਾਸ ਵਿਚ ਜਿਕਰ ਮਿਲਦਾ ਹੈ ਕਿ ਉਹ ਕੌਸ ਬਾਦ ਵਿਚ ਉੱਚ ਦਾ ਪੀਰ ਚੁੱਕ ਲਿਆਇਆ ਸੀ ਜਦੋਂ ਵਕਤ ਪਾ ਕੇ ਉਹਦੀ ਮੰਨਤਾ ਘਟ ਗਈ ਤਾਂ। ਬਾਕੀ ਇਥੇ ਆਪਾਂ ਪੜ੍ਹ ਹੀ ਰਹੇ ਹਾਂ ਕਿ ਗੁਰੂ ਸਾਹਿਬ ਦੀਆਂ ਹੋਰ ਚਾਰ ਨਿਸ਼ਾਨੀਆਂ ਵੀ ਇਥੇ ਉੱਚ ਦੇ ਪੀਰਾਂ ਕੋਲ ਹਨ। ਖੈਰ ਆ ਉੱਤੇ ਵਾਲੀ ਫੋਟੋ ਬੀਬੀ ਜਵਿੰਦੀ ਦਾ ਮਕਬਰਾ ਹੈ ਜੋ ਗੁਰੂ ਸਾਹਿਬ ਦੀ ਇਥੇ ਆਮਦ ਦੇ ਦਿਨਾਂ ਵਿਚ ਬਣਿਆ। ਇਹਦਾ ਗੁਰੂ ਸਾਹਿਬ ਦੀ ਸਾਖੀ ਨਾਲ ਕੋਈ ਸਿੱਧਾ ਸਬੰਧ ਨਹੀ ਹੈ। ਸਿਰਫ ਪੀਰਾਂ ਦੇ ਸਤਿਕਾਰ ਖਾਤਰ ਇਹ ਫੋਟੋ ਦਿੱਤੀ ਜਾ ਰਹੀ ਹੈ।

ਪੀਰ ਨੂੰ ਦੱਸਿਆ ਜਾਂਦਾ ਹੈ ਕਿ ਵੇਖ ਫਲਾਣੇ ਵਕਤ ਤੇ ਤੂੰ ਹਉਮੇ ਕਾਰਨ ਕਰਾਮਾਤ ਦਿਖਾਈ ਸੀ ਜੋ ਖੁਦਾ ਦੀ ਰਜਾ ਦੇ ਉਲਟ ਗਲ ਹੈ।

ਫਿਰ ਅਗਲਾ ਮਸਲਾ ਲੱਖ ਅਕਾਸਾਂ ਪਤਾਲਾਂ ਦਾ ਸੀ। ਇਥੇ ਵੀ ਪੀਰ ਗੁਰੂ ਸਾਹਿਬ ਨਾਲ ਮੁਤਫਿਕ ਹੋ ਗਿਆ। ਸਿੰਧੀ ਨੂੰ ਕਹਿਣ ਲੱਗਾ ਭਾਈ ਜਿਹਦੀ ਪਹੁੰਚ 7 ਅਸਮਾਨਾਂ ਤੱਕ ਹੈ ਉਸ ਨੇ 7 ਕਹੇ ਨੇ ਜਿਹਦੀ ਪਹੁੰਚ ਲੱਖਾਂ ਅਕਾਸ਼ਾਂ ਤੱਕ ਹੈ ਉਸ ਨੇ ਲੱਖਾਂ ਕਹੇ ਨੇ।

ਪੀਰ ਨੇ ਜਿੱਦ ਕਰਕੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਆਪਣੇ ਕੋਲ ਕੁਝ ਦਿਨ ਹੋਰ ਰਹਿਣ ਵਾਸਤੇ ਮਨਾ ਲਿਆ। ਕਿਹਾ ਜਾਂਦਾ ਹੈ ਕਿ ਜਪੁਜੀ ਸਾਹਿਬ ਦਾ ਬਹੁਤਾ ਭਾਗ ਇਥੇ ਹੀ ਰਚਿਆ ਗਿਆ।

----◈----

**ਮਿੱਠਣ ਕੋਟ ਦਾ ਪੀਰ ਹਿੰਦੂਆਂ ਨੂੰ ਮਜਬੂਰ ਕਰਦਾ ਸੀ ਕਿ ਮੁਰਦੇ ਨੂੰ ਸਾੜੋ ਨਹੀ, ਦਫਨਾਓ⊙ –** ਉੱਚ ਦੇ ਪੀਰ ਤੋਂ ਵਿਦਾ ਹੋ ਕੇ ਗੁਰੂ ਸਾਹਿਬ 85 ਕਿਲੋਮੀਟਰ ਥੱਲੇ ਮਿੱਠਣ ਕੋਟ ਆ ਗਏ ਜਿੱਥੇ ਸਿੰਧ ਦਰਿਆ ਸੌਖਿਆਂ ਪਾਰ ਕੀਤਾ ਜਾਂਦਾ ਹੈ। ਮਿੱਠਣ ਕੋਟ ਸਿੱਖ ਰਾਜ ਦਾ ਆਖਰੀ ਸ਼ਹਿਰ ਸੀ। ਅੱਗੋਂ ਸਿੰਧ ਸ਼ੁਰੂ ਹੋ ਜਾਂਦਾ ਹੈ। ਸਥਾਨ ਬਹੁਤ ਪੁਰਾਣਾ ਹੈ ਜਿਸ ਬਾਰੇ ਬਾਦਸ਼ਾਹ ਸਿਕੰਦਰ ਦੇ ਸਾਥੀਆਂ ਦੇ ਸਫਰਨਾਮਿਆਂ ਵਿਚ ਵੀ ਜਿਕਰ ਮਿਲਦਾ ਹੈ। ਇਥੇ ਪਹੁੰਚ ਗੁਰੂ ਸਾਹਿਬ ਨੇ ਸ਼ਹਿਰ ਦੇ ਬਾਹਰ ਡੇਰਾ ਕੀਤਾ ਹੋਇਆ ਸੀ। ਹੌਲੀ ਹੌਲੀ ਲੋਕਾਂ ਦਾ ਆਉਣਾ ਜਾਣਾ ਸ਼ੁਰੂ ਹੋਇਆ। ਇਲਾਕੇ ਦੇ ਜੋਗੀਆਂ ਨਾਲ ਗੱਲਾਂ ਬਾਤਾਂ ਹੋਈਆਂ।

ਸ਼ਹਿਰ ਦੇ ਹਿੰਦੂਆਂ ਨੇ ਸ਼ਕਾਇਤ ਕੀਤੀ ਕਿ ਗੁਰੂ ਸਾਹਿਬ ਜੀ ਇਥੇ ਵਾਲੇ ਸੂਫੀ ਪੀਰ ਖੁੱਲ ਦਿਲੇ ਨਹੀ ਹਨ। ਉਨਾਂ ਕਿਹਾ ਕਿ ਜਦੋਂ ਵੀ ਸਾਡੇ ਕੋਈ ਮਰਗ ਹੁੰਦੀ ਹੈ। ਪੀਰ ਆ ਕੇ ਬਹਿਸਬਾਜੀ ਕਰਦਾ ਹੈ ਕਿ ਮੁਰਦਾ ਸਾੜੋ ਨਾਂ ਇਨੂੰ ਦਫਨਾਓ। ਭਾਣਾ ਰੱਬ ਦਾ ਗੁਰੂ ਸਾਹਿਬ ਦੇ ਇਥੇ ਹੁੰਦਿਆਂ ਹੁੰਦਿਆਂ, ਇੱਕ ਹਿੰਦੂ ਬਜੁਰਗ ਦੀ ਮੌਤ ਹੋ ਗਈ। ਜਨਾਜੇ ਤੇ ਗੁਰੂ ਸਾਹਿਬ ਵੀ ਪਹੁੰਚ ਗਏ ਤੇ ਮੜ੍ਹੀਆਂ ਵਿਚ ਪੀਰ ਨੇ ਆ ਫਿਰ ਪੰਗਾ ਪਾ ਦਿੱਤਾ, ਕਿ ਮੁਰਦੇ ਨੂੰ ਦਬਾਓ।

ਗੁਰੂ ਸਾਹਿਬ ਨੇ ਪੀਰ ਨੂੰ ਬੜੇ ਆਦਰ ਸਤਿਕਾਰ ਨਾਲ ਪੁੱਛਿਆ ਕਿ ਸਾੜਨ ਵਿਚ ਕੀ ਨੁਕਸਾਨ ਦੇ ਦਬਣ ਵਿਚ ਕੀ ਫਾਇਦਾ? ਪੀਰ ਨੇ ਕਿਹਾ ਕਿ ਪਰਲੋ (ਕਿਆਮਤ) ਵਾਲੇ ਦਿਨ ਮੁਰਦੇ ਨੇ ਜੀਅ ਉਠਣਾ ਹੈ। ਜੇ ਸੜ੍ਹ ਗਇਆ ਹੋਇਆ ਤਾਂ ਕਿਵੇ ਜੀਵੇਗਾ?

ਗੁਰੂ ਸਾਹਿਬ ਨੇ ਪੀਰ ਨੂੰ ਸਮਝਾਇਆ ਕਿ ਪੀਰ ਜੀ ਜਦੋਂ ਆਪਾਂ ਮੁਰਦਾ ਦਫਨਾ ਦਿੰਨੇ ਆ ਸਰੀਰ ਗਲ ਜਾਂਦਾ ਹੈ ਤੇ ਛੇਤੀ ਹੀ ਉਹ ਮਿੱਟੀ ਨਾਲ ਮਿੱਟੀ ਹੋ ਜਾਂਦਾ ਹੈ। ਪੀਰ ਨੂੰ ਦੱਸਿਆ ਕਿ ਕਿਵੇ ਪੁਰਾਣੀਆਂ ਕਬਰਾਂ ਦਾ ਸਾਨੂੰ ਕੋਈ ਪਤਾ ਨਹੀ ਰਹਿੰਦਾ। ਵਕਤ ਪਾ ਕੇ ਉਹ ਵਾਹ ਲਈਆਂ ਜਾਂਦੀਆਂ ਹਨ। ਕਦੀ ਓਸੇ ਕਬਰ ਵਾਲੀ ਮਿੱਟੀ ਨੂੰ ਗੋਹ ਕੇ ਘੁੰਮਿਆਰ ਭਾਂਡੇ ਘੜਦਾ ਹੈ। ਓਦੋਂ ਉਸੇ ਮਿੱਟੀ ਨੂੰ ਸੜ੍ਹਨਾ ਪੈਂਦਾ ਹੈ। ਸੋ ਇਹੋ ਜਿਹੇ ਵਹਿਣ ਨਾਂ ਕਰੋ।

ਮਿੱਟੀ ਦੇ ਸੜ੍ਹਨ ਬਾਰੇ ਜਦੋਂ ਪੀਰ ਨੂੰ ਗਿਆਨ ਹੋਇਆ ਤਾਂ ਉਹ ਪੈਰੀ ਪੈ ਗਿਆ। ਓਥੇ ਫਿਰ ਗੁਰੂ ਸਾਹਿਬ ਨੇ ਆਸਾ ਦੀ ਵਾਰ ਵਾਲੀ ਪਉੜੀ ਕਹੀ:-

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥ ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥ ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥**

**ਕੰਧਕੋਟ** - ਹੋਰ ਨੇੜੇ ਤੇੜੇ ਲੋਕਾਈ ਨੂੰ ਇੱਕ ਨਿਰੰਕਾਰ ਨਾਲ ਜੋੜਕੇ ਗੁਰੂ ਸਾਹਿਬ ਬੇੜੀ ਤੇ ਬਹਿ 140 ਕਿਲੋਮੀਟਰ ਹੇਠਾਂ ਦੱਖਣ ਕੰਧਕੋਟ ਪਹੁੰਚ ਗਏ। ਓਥੇ ਵੀ ਸਿੰਧੀ ਸਿੱਖਾਂ ਨੇ ਗੁਰੂ ਸਾਹਿਬ ਦੀ ਯਾਦ ਵਿਚ ਸੁਨਿਆਰ ਬਜਾਰ, ਸੋਹਵਾਨ ਤਹਿਸੀਲ ਕੰਧਕੋਟ ਵਿਖੇ ਸ਼ਾਨਦਾਰ ਗੁਰ ਅਸਥਾਨ ਬਣਾ ਰੱਖਿਆ ਹੈ।

----◈----

ਪੈੜ ਸੂਤਾ

ਉੱਚ- ਭਾਈ ਮਨੀ ਸਿੰਘ- ਪੰਨਾ 255

ਹੋਰ ਵੇਖੋ ਸ਼ੇਖ ਬਹਾਵਦੀ ਵਾਲੀ ਸਾਖੀ, ਪੁਰਾਤਨ ਪੰਨਾ-156

ਗੁਰੂ ਸਾਹਿਬ ਦੇ ਵੇਲੇ ਉੱਚ ਦਾ ਪੀਰ ਕੌਣ ਸੀ? ਇਤਹਾਸਕਾਰਾਂ ਨੇ ਵੱਖ ਵੱਖ ਨਾਂ ਦਿੱਤੇ ਹਨ। ਤਵਾਰੀਖ ਖਾਲਸਾ ਨੇ ਪੀਰ ਸਯੱਦ ਅਹਿਮਦ ਹਸਨ ਲਿਖਿਆ ਹੈ। ਕਿਰਪਾਲ ਸਿੰਘ ਨੇ ਮਖਦੂਮ ਅਬਦੁਲ ਵਾਹਬ ਦੱਸਿਆ ਹੈ। ਸੂਰਜ ਪ੍ਰਕਾਸ਼ ਨੇ ਰੁਕਨੁਦੀਨ ਲਿਖਿਆ ਹੈ। ਭਾਈ ਮਨੀ ਸਿੰਘ ਨੇ ਅਬਦੁਲ ਰਹਿਮਾਨ ਨੂੰ ਗੁੱਰਜ ਬਖਸ਼ਣ ਦੀ ਗਲ ਕੀਤੀ ਹੈ। (ਪੰਨਾ 434) ਦਰ ਅਸਲ ਪੀਰ ਸੁਰਖ ਪੋਸ਼ ਤੋਂ ਬਾਦ ਓਨਾਂ ਦੇ ਕਈ ਪ੍ਰਵਾਰ ਅਤੇ ਜਾਨ ਨਸ਼ੀਨ ਹਨ। ਇਸ ਕਰਕੇ ਥੋੜਾਂ ਭੰਬਲਭੂਸਾ ਬਣਦਾ ਹੈ। ਅੱਜ ਉੱਚ ਵਿਚ ਵੀ ਹਾਲਾਤ ਇਹ ਹਨ ਕਿ ਹਰ ਕੋਈ ਆਪਣੇ ਆਪ ਨੂੰ ਅਸਲੀ ਸੱਜਦਾ-ਨਸ਼ੀਨ ਕਹਿੰਦੈ ਤੇ ਦੂਸਰੇ ਨੂੰ ਨਕਲੀ। ਪਰ ਬਹੁਤੇ ਪੁਰਾਤਨ ਲਿਖਾਰੀਆਂ ਨੇ ਸਿੱਧਾ ਪੀਰ ਜਲਾਲਉਦੀਨ ਦਾ ਨਾਂ ਹੀ ਦੇ ਦਿੱਤਾ ਹੈ।

ਹੇਠ ਲਿਖੀ ਵੀਡੀਓ ਵਿਚ ਇਕ ਤੀਸਰੇ ਬੰਦੇ ਨੇ ਜਿਕਰ ਕੀਤਾ ਹੈ ਕਿ ਗੁਰੂ ਸਾਹਿਬ ਦੇ ਵੇਲੇ ਹਜਰਤ ਫਜ਼ਲੂਦੀਨ ਲਾਡਲਾ ਬੁਖਾਰੀ ਗੱਦੀ ਨਸ਼ੀਨ ਸੀ। ਪੜਤਾਲ ਕਰਨ ਤੇ ਪਤਾ ਲਗਦਾ ਹੈ ਕਿ ਫਜਲੂਦੀਨ ਦਾ ਸਮਾਂ ਵਖਰਾ ਹੈ। ਜੋ ਤਸਵੀਰਾਂ ਲਈਆਂ ਹਨ ਇਹ ਯੂਟਿਊਬ ਦੇ ਹੇਠਲੇ ਲਿੰਕ ਤੋਂ ਤੋਂ ਹਨ।

https://youtu.be/ATe23wFJ7CY

ਗੁਰਦੁਆਰਾ ਥੜਾ ਸਾਹਿਬ ਢਹਿ ਚੁੱਕਾ ਹੈ। ਸਿਰਫ ਇਕ ਖੂਹ ਬਚਿਆ ਹੈ।

⊙ ਮਿੱਠਣਕੋਟ- ਗਿਆਨੀ ਗਿਆਨ ਸਿੰਘ ਅਧਾਰਿਤ

## "ਸੱਖਰ – ਬਾਬਾ ਜੀ ਇਥੋਂ ਉੱਠ ਜਾਓ। ਕਦੀ ਨਦੀ ਦਾ ਪਾਣੀ ਚੜ੍ਹ ਆਉਦਾ"

ਗੁਰੂ ਸਾਹਿਬ ਕੰਧਕੋਟ ਤੋਂ ਬੇੜੀ ਰਾਂਹੀ ਸੱਖਰ ਪਹੁੰਚੇ। ਮਲਾਹ ਨੇ ਦੱਸਿਆ ਕਿ ਜਿੱਥੇ ਬੇੜੀ ਪੈਂਦੀ ਹੈ ਓਥੇ ਟਾਪੂ ਤੇ ਇੱਕ ਫਕੀਰ ਚਿੱਲਾ ਕੱਟ ਰਿਹਾ ਹੈ ਦਿਨ ਰਾਤ ਸਰੀਰ ਨੂੰ ਕੋਹ ਰਿਹਾ ਹੈ। ਗੁਰੂ ਸਾਹਿਬ ਨੇ ਵੀ ਟਾਪੂ ਤੇ ਹੀ ਡੇਰਾ ਕਰ ਲਿਆ। ਮਰਦਾਨਾ ਸ਼ਹਿਰ ਘੁੰਮ ਫਿਰ ਕੇ ਆ ਗਿਆ। ਫਿਰ ਜਦੋਂ ਰਬਾਬ ਫੜੀ ਤਾਂ ਸਬਦ ਗਾਇਆ:-

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥ ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥ ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥ ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥ ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥

ਸੁਰੀਲਾ ਸੰਗੀਤ ਸੁਣ ਕੇ ਉਸ ਸਰਵਰ ਕੋਲੋਂ ਰਿਹਾ ਨਾਂ ਗਇਆ ਤੇ ਗੁਰੂ ਸਾਹਿਬ ਕੋਲ ਆ ਗਿਆ। ਸ਼ਬਦ ਸੁਣਨ ਉਪਰੰਤ ਗਲ ਬਾਤ ਹੋਈ। ਮਰਦਾਨੇ ਨੇ ਕਿਹਾ ਕਿ ਫਕੀਰ ਜੀ ਤੁਹਾਡੇ ਮੰਨ ਦੀ ਕੀ ਇੱਛਾ ਹੈ ਜੋ ਤੁਸੀ ਕਈ ਦਿਨਾਂ ਤੋਂ ਸ਼ਹਿਰੋ ਬਾਹਰ ਬੇਲੇ ਵਿਚ ਬੈਠੇ ਹੋ। ਸਰਵਰ ਕਹਿਣ ਲੱਗਾ ਕਿ ਮੈਂ ਮੁਲਤਾਨ ਗਇਆ ਸੀ। ਓਥੇ ਮੈਂ ਪੀਰਾਂ ਦਾ ਵਾਹੋ ਜਲਾਲ ਵੇਖਿਆ। ਮੈਂ ਵੀ ਚਾਹੁੰਨਾ ਉਸ ਅਵਸਥਾ ਤੱਕ ਪਹੁੰਚਣਾ।

ਗੁਰੂ ਸਾਹਿਬ ਨੇ ਸਰਵਰ ਨੂੰ ਕਿਹਾ ਤੂੰ ਅਕਾਲ ਪੁਰਖ ਨਿਰੰਕਾਰ ਦੇ ਲੜ੍ਹ ਲੱਗ। ਅੰਮ੍ਰਿਤ ਵੇਲੇ ਮਾਲਕ ਦਾ ਸਿਮਰਨ। ਦਿਨ ਭਰ ਉਹਦੀ ਯਾਦ ਵਿਚ ਕਿਰਤ ਕਰਨਾਂ। ਵੰਡ ਕੇ ਛਕਣਾ। ਤੂੰ ਇਸੇ ਟਾਪੂ ਤੇ ਹੀ ਬੇਸ਼ੱਕ ਟਿਕ ਜਾ। ਤੇਰੀ ਵੀ ਮੱਨਤ ਹੋਵੇਗੀ। ਸਤਿਨਾਮ ਵਾਹਿਗੁਰੂ ਜੱਪ ਤੇ ਲੋਕਾਂ ਨੂੰ ਜਪਾ।

ਓਸੇ ਟਾਪੂ ਤੇ ਹੀ ਸੰਗਤਾਂ ਜੁੜਨੀਆਂ ਸ਼ੁਰੂ ਹੋ ਗਈਆਂ। ਸਾਧੂ ਸੰਤ ਪੀਰ ਫਕੀਰ ਢੁੱਕ ਰਹੇ ਸਨ। ਹਜਾਰਾਂ ਲੋਕਾਂ ਨੂੰ ਦੁੱਖ ਤਕਲੀਫਾਂ ਚਿੰਤਾਵਾਂ ਤੋਂ ਸਾਹਿਬ ਨੇ ਨਿਜਾਤ ਦੁਆਈ। ਇੱਕ ਸੇਠ ਜਿਸ ਦੀ ਮੰਨ ਦੀ ਮੁਰਾਦ ਪੂਰੀ ਹੋਈ ਉਸ ਨੇ ਆ ਕੇ ਗੁਰੂ ਸਾਹਿਬ ਕੋਲ ਜਿੱਦ ਕੀਤੀ ਕਿ ਸਾਹਿਬ ਸ਼ਹਿਰ ਵਿਚ ਟਿਕਾਣਾ ਕਰੋ। ਇਥੇ ਟਾਪੂ ਤੇ ਕਦੀ ਪਾਣੀ ਚੜ੍ਹ ਆਉਦਾ ਹੈ। ਉਸ ਨੇ ਕਿਹਾ ਕਿ ਸ਼ਹਿਰ ਵਿਚ ਉਸ ਦੀ ਸੁੰਦਰ ਹਵੇਲੀ ਸੁੰਨੀ ਪਈ ਹੈ, ਉਹ ਵਰਤੋਂ।

ਗੁਰੂ ਸਾਹਿਬ ਨੇ ਸੇਠ ਨੂੰ ਕਿਹਾ ਕਿ ਨਹੀ ਸੇਠ ਜੀ ਇਹ ਟਾਪੂ ਤਾ ਜੁਗਾਂ ਜੁਗਾਂਤਰਾਂ ਤੱਕ ਰਹਿਣ ਵਾਲਾ ਹੈ। ਸਾਡਾ ਗਰੀਬਾਂ ਦਾ ਇਥੇ ਹੀ ਰਹਿਣਾ ਠੀਕ ਹੈ। ਕੁਦਰਤ ਦੇ ਨਾਲ ਰਹਿੰਦਿਆਂ ਸਾਨੂੰ ਕਾਦਰ ਦੀ ਯਾਦ ਬਣੀ ਰਹਿੰਦੀ ਹੈ। ਇਥੇ ਫਿਰ ਗੁਰੂ ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਇਹ ਸ਼ਬਦ ਪੜਿਆ:-

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥ ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥ ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥ ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥



ਸਿੰਧ ਦਰਿਆ ਦੇ ਕੰਢੇ ਸਾਧੂ ਬੇਲਾ ਸੱਖਰ।

ਸਿੰਧ ਨਦੀ ਵਿਚ ਉਹ ਥਾਂ ਜਿੱਥੇ ਗੁਰੂ ਸਾਹਿਬ ਬਿਰਾਜੇ ਸਨ ਅੱਜ ਵੱਡਾ ਧਾਰਮਿਕ ਅਸਥਾਨ ਬਣ ਚੁੱਕਾ ਹੈ। ਬਾਬਾ ਸ੍ਰੀ ਚੰਦ ਵੇਲੇ ਉਦਾਸੀਆਂ ਦੀ ਚੜ੍ਹਤ ਹੋਈ। ਫਿਰ ਇਥੇ ਕਈ ਉਦਾਸੀ ਸਾਧੂਆਂ ਵੀ ਆ ਡੇਰੇ ਲਾਏ। ਨਾਮ ਸਾਧੂ ਬੇਲਾ ਸੱਖਰ।

ਸੱਖਰ ਤੋਂ ਹੀ ਫਿਰ ਲਾਗੇ (35 ਕਿਲੋਮੀਟਰ ) ਗੁਰੂ ਸਾਹਿਬ ਸ਼ਿਕਾਰ ਪੁਰ ਗਏ। ਓਥੇ ਵੀ ਅੱਜ ਵੱਡੀ ਗਿਣਤੀ ਵਿਚ ਸਿੰਧੀ ਸਿੱਖ ਸੰਗਤਾਂ ਮੌਜੂਦ ਹਨ।

----◈----

## ਬਕਰਾਨੀ: ਪਾਲੀ ਨੂੰ ਪਾਤਸ਼ਾਹੀ ਬਖਸ਼ੀ–

ਸ਼ਿਕਾਰ ਪੁਰ ਤੋਂ ਗੁਰੂ ਸਾਹਿਬ ਸਿੰਧ ਦਰਿਆਂ ਤੋਂ ਹਟਵੇ ਹਟਵੇ ਚਲੇ ਤੇ 75 ਕਿਲੋਮੀਟਰ ਦਾ ਸਫਰ ਕਰਕੇ ਪਿੰਡ ਬਕਰਾਨੀ ਲਾਗੇ ਪਹੁੰਚੇ। ਪਿੰਡੋਂ ਹਟਵੇਂ ਇੱਕ ਥਾਂ ਬਹਿ ਕੇ ਅਰਾਮ ਫਰਮਾ ਰਹੇ ਸਨ ਕਿ ਇੱਕ ਪਾਲੀ ਜੋ ਬਕਰੀਆਂ ਚਾਰ ਰਿਹਾ ਸੀ ਉਹਦੇ ਮਨ ਵਿਚ ਪਤਾ ਨਹੀ ਕੀ ਆਈ ਕਿ ਕਟੋਰਾ ਭਰ ਕੇ ਦੁਧ ਲੈ ਆਇਆ ਤੇ ਕਹਿਣ ਲੱਗਾ ਸੰਤ ਜੀ ਇਹ ਛੱਕੋ। ਗੁਰੂ ਸਾਹਿਬ ਦੀ ਲਿਵ ਨਿਰੰਕਾਰ ਨਾਲ ਲੱਗੀ ਹੋਈ ਸੀ।

ਮਰਦਾਨੇ ਨੇ ਸਤਿ ਕਰਤਾਰ ਕਹਿ ਅਵਾਜਾ ਦਿੱਤਾ ਕਿ ਸਾਹਿਬ ਜੀ ਦੁੱਧ ਆਇਆ ਹੈ। ਛੱਕ ਲਓ। ਮਰਦਾਨੇ ਨੇ ਦੱਸਿਆ ਕਿ ਇਹ ਪਾਲੀ ਲੈ ਕੇ ਆਇਆ ਹੈ। ਸਾਹਿਬ ਨੇ ਛਕਿਆ ਤੇ ਮਰਦਾਨੇ ਨੂੰ ਵੀ ਛਕਾਇਆ। ਪਾਲੀ ਨੂੰ ਜਦੋਂ ਅਹਿਸਾਸ ਹੋਇਆ ਕਿ ਸਾਧੂ ਕਈ ਦਿਨਾਂ ਦੇ ਭੁੱਖੇ ਲੱਗਦੇ ਨੇ ਤਾਂ ਪਾਲੀ ਨੇ ਹੋਲਾਂ ਵੀ ਭੁੰਨ ਕੇ ਗੁਰੂ ਸਾਹਿਬ ਅਗੇ ਭੇਟ ਕੀਤੀਆਂ।

ਪਾਲੀ ਦੀ ਸੇਵਾ ਵੇਖ ਕੇ ਸਾਹਿਬ ਨੇ ਪਾਲੀ ਕੋਲੋ ਪੁੱਛਿਆ ਭਾਈ ਤੇਰਾ ਨਾਂ ਕੀ ਅਤੇ ਤੂੰ ਕਿਸ ਭਾਵਨਾ ਨਾਲ ਸੇਵਾ ਕਰ ਰਿਹਾ ਹੈ? ਅੱਗੋ ਪਾਲੀ ਕਹਿੰਦਾ ਕਿ:-

"ਮੇਰਾ ਨਾਂ ਨੂਰ ਨੁਸਰਤ ਹੈ। ਮਹਾਤਮਾ ਜੀ ਮੈਂ ਬਕਰੀਆਂ ਚਾਰਦਾ ਹਾਂ। ਇਥੋਂ ਜਦੋਂ ਕੋਈ ਰਾਜਾ ਮਹਾਰਾਜਾ ਨਿਕਲਦਾ ਹੈ ਤਾਂ ਜੋ ਮਰਜੀ ਚੀਜ ਲੈ ਲੈਂਦਾ ਹੈ। ਇੱਕ ਵੇਰਾਂ ਮੇਰੀ ਇੱਕ ਬਕਰੀ ਵੀ ਲੈ ਗਏ। ਮੈਨੂੰ ਕੋਈ ਪੈਸਾ ਨਹੀ ਦਿੱਤਾ। ਮੈਂ ਸੁਣਿਆ ਹੈ ਕਿ ਸਾਧੂ ਸੰਤਾਂ ਦੀ ਸੇਵਾ ਕੀਤਿਆਂ ਫਲ ਮਿਲਦਾ ਹੈ ਮੇਰੇ ਤੇ ਕਿਰਪਾ ਕਰੋ ਮੈਂ ਵੀ ਇੱਕ ਦਿਨ ਰਾਜਾ ਬਣਾਂ। "

ਗੁਰੂ ਸਾਹਿਬ ਮੁਸਕਰਾਏ ਤੇ ਮਰਦਾਨੇ ਵਲ ਵੇਖਿਆ। ਮਰਦਾਨੇ ਨੇ ਪਾਲੀ ਨੂੰ ਕਿਹਾ ਕਿ ਤੇਰਾ ਰਾਜ ਹੋਵੇਗਾ। ਪਰ ਤਿੰਨ ਸ਼ਰਤਾਂ ਨੇ

1. ਸਵੇਰੇ ਮਨ੍ਹੇਰੇ ਉਠ ਕੇ ਸਤਿਨਾਮ ਦਾ ਜਾਪ ਕਰਨਾਂ, 2.ਕੇਸ ਨਹੀ ਕਟਣੇ ਰੱਬ ਦੀ ਰਜਾ 'ਚ ਰਹਿਣਾ, ਅਤੇ 3. ਆਏ ਸਾਧੂ ਸੰਤ ਦੀ ਸੇਵਾ ਕਰਨੀ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਇਹ ਤੇਰਾ ਹੀ ਸਿੱਖ ਹੋਵੇਗਾ ਤੇ ਇਕ ਦਿਨ ਪਾਤਸ਼ਾਹ ਬਣੇਗਾ।⊙ ਤੇ ਸ਼ਬਦ ਆਖਿਆ:-

ਮਾਰੂ ਮਹਲਾ ੧ ॥ ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥ ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥ ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥ ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥ ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥੨॥ ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥ ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥ ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥ ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥ ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥

----◈----

## ਬਕਰਾਨੀ – ਜਦੋਂ ਸੁੰਦਰ ਗਲੀਚਾ ਗੁਰੂ ਸਾਹਿਬ ਨੇ ਕੁੱਤੀ ਤੇ ਪਾ ਦਿੱਤਾ◈

ਗੁਰੂ ਸਾਹਿਬ ਦੀ ਸੋਭਾ ਸੁਣ ਕੇ ਦਾਊਦ ਨਾਂ ਦੇ ਇੱਕ ਜੁਲਾਹੇ ਨੇ ਸੰਗਤ ਵਿਚ ਆਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਮੰਨ ਵਿਚ ਆਈ ਕਿ ਮੈਂ ਸਾਰੇ ਪੀਰਾਂ ਫਕੀਰਾਂ ਦੇ ਹੋ ਆਇਆ ਹਾਂ ਔਲਾਦ ਨਹੀ ਹੋ ਰਹੀ ਤੇ ਗੁਰੂ ਸਾਹਿਬ ਦੀ ਸ਼ਰਨ ਵਿਚ ਆ ਗਿਆ। ਜੋ ਸਭ ਤੋਂ ਸੋਹਣਾ ਤੇ ਮਹਿੰਗਾ ਗਲੀਚਾ ਉਸ ਨੇ ਬੁਣਿਆ ਸੀ, ਲਿਆ ਗੁਰੂ ਸਾਹਿਬ ਦੇ ਭੇਟ ਕੀਤਾ। ਗੁਰੂ ਸਾਹਿਬ ਨੇ ਕਿਹਾ ਸਾਨੂੰ ਅਜਿਹੇ ਸੁੰਦਰ ਤੇ ਮਹਿੰਗੇ ਬਸਤਰਾਂ ਦੀ ਜਰੂਰਤ ਨਹੀ। ਸਾਡੇ ਵਾਸਤੇ ਕੁਦਰਤ ਨੇ ਹਰ ਥਾਂ ਹਰਾ ਗਲੀਚਾ (ਘਾਹ ਦਾ) ਵਿਛਾ ਰਖਿਆ ਹੈ। ਪਰ ਦਾਊਦ ਨੇ ਜਿੱਦ ਕੀਤੀ। ਗੁਰੂ ਸਾਹਿਬ ਨੇ ਦਾਊਦ ਕੋਲੋ ਪੁੱਛਿਆ ਭਈ ਤੈਨੂੰ ਕੀ ਚਾਹੀਦਾ? ਕਹਿੰਦਾ ਔਲਾਦ ਨਹੀ ਹੈ। ਸਾਹਿਬ ਨੇ ਦਾਊਦ ਦੇ ਸਿਰ ਤੇ ਹੱਥ ਰੱਖਿਆ ਤੇ ਕਿਹਾ ਕਿ ਨੇਕ ਨੀਯਤ ਨਾਲ ਖੁੱਦਾ ਦੀ ਬੰਦਗੀ ਕਰਿਆ ਕਰੋ। ਰੱਬ ਭਲੀ ਕਰੇਗਾ।

ਕੁਝ ਦੇਰ ਬਾਦ ਜਦੋਂ ਗੁਰੂ ਸਾਹਿਬ ਦਾ ਧਿਆਨ ਲਾਗੇ ਹੀ ਛੋਟੇ ਛੋਟੇ ਕਤੂਰਿਆਂ ਵਾਲੀ ਠਰੂ ਠਰੂ ਕਰ ਰਹੀ ਕੁੱਤੀ ਵਲ ਗਇਆ ਤਾਂ ਮਰਦਾਨੇ ਨੂੰ ਹੁਕਮ ਕੀਤਾ ਕਿ ਇਹ ਗਲੀਚਾ ਪਾਲੇ ਨਾਲ ਠਰ ਰਹੀ ਕੁੱਤੀ ਦੇ ਉੱਤੇ ਪਾ ਦੇ।

ਸਾਹਿਬ ਨੇ ਨਿਰੰਕਾਰ ਦੇ ਵੈਰਾਗ ਵਿਚ ਆਹ ਸ਼ਬਦ ਉਚਾਰਿਆ:

ਆਸਾ ਘਰੁ ੬ ਮਹਲਾ ੧ ॥ ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥ ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥ ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥ ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥ ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥ ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥ ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥

ਸੰਗਤਾਂ ਦਾ ਪ੍ਰੇਮ ਵੇਖ ਕੇ ਸਾਹਿਬ ਕੁਝ ਦਿਨ ਇਥੇ ਠਹਿਰੇ ਤੇ ਫਿਰ ਅੱਗੇ ਦਰਿਆ ਰਾਂਹੀ ਉਮਰਕੋਟ ਨੂੰ ਰਵਾਨਾ ਹੋਏ। ਅੰਦਾਜ਼ਾ ਹੈ ਕਿ ਸਿੰਧ ਦਰਿਆ ਦੀ ਮੁੱਖ ਧਾਰਾ ਓਦੋਂ ਵੀ ਹੈਦਰਾਬਾਦ (ਸਿੰਧ) ਲਾਗੋਂ ਦੀ ਵਗਦੀ ਹੋਵੇਗੀ। ਜਿੱਥੇ ਅੱਜ ਹੈਦਰਾਬਾਦ ਓਥੋਂ ਫਿਰ ਪੈਦਲ ਕਾਹੂ ਜੋ ਦੜੋ (ਅੱਜ ਦਾ ਮੀਰ ਪੁਰ ਖਾਸ) ਪਹੁੰਚੇ ਓਥੇ ਅੱਜ ਵੀ ਸਿੱਖ ਸੰਗਤ ਮੌਜੂਦ ਹੈ। ਕਾਹੂ-ਜੋ-ਦੜੋ ਤੋਂ ਉਮਰਕੋਟ ਆਏ ਤੇ ਓਥੇ ਸੂਫੀ ਫਕੀਰਾਂ ਤੇ ਰਿਆਸਤ ਦੇ ਰਾਜੇ ਨੂੰ ਮਿਲੇ ਤੇ ਨਿਰੰਕਾਰ ਦਾ ਪ੍ਰਚਾਰ ਕੀਤਾ। ਅੱਗੇ ਫਿਰ ਬਸਤਾ ਬੰਦਰ ਰਾਂਹੀ ਲੰਕਾ ਨੂੰ ਰਵਾਨਾ ਹੋਏ।

----◈----

## ਬਸਤਾ ਬੰਦਰ (ਕੋਟ ਲਖਪਤ) ਤੋਂ ਸਮੁੰਦਰ ਰਾਹੇ ਪਏ ਲੰਕਾ ਨੂੰ ◈

ਕੱਛ: ਪਹਾੜ ਪਾਸੇ ਸਿੰਧ, ਦੱਖਣ ਤੇ ਪੱਛਮ ਵਿਚ ਸਮੁੰਦਰ ਤੇ ਚੜ੍ਹਦੇ ਗੁਜਰਾਤ ਬਹੁਤ ਹੀ ਅਲੋਕਿਕ ਇਲਾਕਾ ਹੈ। ਇਹ ਹੈ ਅਸਲ ਮਾਇਨਿਆਂ ਵਿਚ ਉਜਾੜ। ਜਿੱਥੇ ਮੀਲਾਂ ਤੱਕ ਕਿਤੇ ਕੋਈ ਹਰਿਆਲੀ ਨਜ਼ਰ ਨਹੀ ਆਉਦਾ। ਖੁਸ਼ਕ ਦਿਨਾਂ ਵਿਚ ਚਿੱਟਾ ਲੂਣ ਬਾਹਰ ਆ ਜਾਂਦਾ ਹੈ ਤੇ ਸੂਰਜ ਦੀ ਧੁੱਪ ਵੇਲੇ ਅੱਖਾਂ ਵੀ ਚੁੰਧਿਆ ਜਾਂਦੀਆਂ ਹਨ। ਏਸੇ ਇਲਾਕੇ ਵਿਚ ਹੀ ਦੁਨੀਆ ਦੀ ਵੱਡੀ ਖਾਰੇ ਪਾਣੀ ਦੀ ਝੀਲ ਹੈ ਜਿਸ ਦੇ ਐਨ ਮੱਧ ਵਿਚ ਇੱਕ ਟਾਪੂ ਤੇ ਸਿੰਧ ਘਾਟੀ ਵੇਲੇ ਦੇ ਇੱਕ ਸ਼ਹਿਰ ਦੇ ਖੰਡਰਾਤ ਵੀ ਮਿਲੇ ਹਨ: ਢੋਲਾਵੀਰਾ। ਇਹ ਸਾਬਤ ਕਰਦਾ ਹੈ ਕਿ ਕੱਛ ਹਮੇਸ਼ਾਂ ਖਾਰਾ ਨਹੀ ਸੀ। ਕੁਦਰਤੀ ਭੂਗੋਲਿਕ ਤਬਦੀਲੀਆਂ ਨੇ ਇਨ੍ਹੂੰ ਵੀਰਾਨ ਕਰ ਦਿੱਤਾ। ਇਹ ਇਨਾਂ ਵਿਸ਼ਾਲ ਇਲਾਕਾ ਹੈ ਕਿ ਪੱਛਮ ਕੋਟੇਸ਼ਵਰ ਤੋਂ ਉਤਰ ਪੂਰਬ ਤੱਕ ਕੋਈ 300 ਕਿਲੋਮੀਟਰ ਤੱਕ ਸਭ ਚਿੱਟਾ ਹੀ ਚਿੱਟਾ ਹੈ ਤੇ ਕਿਤੇ ਕਿਤੇ ਹੀ ਕੋਈ ਅਬਾਦੀ ਹੈ ਜਿੱਥੇ ਨਖਲਿਸਤਾਨ ਹੈ। ਇਹ ਅਲੱਗ ਹੀ ਕਿਸਮ ਦਾ ਰੇਗਿਸਤਾਨ ਹੈ। ਇਤਹਾਸ ਵਿਚ ਆਉਦਾ ਹੈ ਕਿ ਬਾਦਸ਼ਾਹ ਕੁਤੁਬੁਦੀਨ ਐਬਕ ਇੱਕ ਵੇਰਾਂ ਲਾਮ ਲਸ਼ਕਰ ਸਮੇਤ ਇਸ ਦਲ ਦਲੀ ਰੇਗਸਤਾਨ ਵਿਚ ਕਈ ਮਹੀਨੇ ਭਟਕਦਾ ਰਿਹਾ ਤੇ ਕਈ ਸੈਨਕ ਤੇ ਘੋੜੇ ਗਵਾਹ ਬੈਠਾ।

ਗੁਰੂ ਸਾਹਿਬ ਦੇ ਵੇਲਿਆਂ 'ਚ ਸਿੰਧ ਦੀ ਗੁਜਰਾਤ ਸਰਹੱਦ ਤੇ ਇੱਕ ਵੱਡੀ ਬੰਦਰਗਾਹ ਹੁੰਦੀ ਸੀ ਬਸਤਾ ਬੰਦਰ। ਸਿੰਧ ਦਰਿਆ ਦਾ ਇੱਕ ਵੱਡੇ ਸ਼ਹਿਰ ਦਾ ਮੁਹਾਨਾ ਲਖਪਤ ਲਾਗੇ ਸੀ। ਪਰ ਇਸ ਖਾਰੇ ਇਲਾਕੇ ਵਿਚ ਸਿੰਧ ਦਰਿਆ ਦੇ ਦਵੱਲੇ ਜਮੀਨ ਬਹੁਤ ਉਪਜਾਉ ਸੀ। ਫਿਰ ਸੰਨ 1819ਈ. ਵਿਚ ਇੱਕ ਵੱਡਾ ਭੁਚਾਲ ਆਇਆ ਜਿਸ ਨੇ ਸਿੰਧ ਦਾ ਵਹਾਅ ਬਦਲ ਦਿੱਤਾ। ਓਹ ਇਲਾਕਾ ਜਿਹੜਾ ਲੱਖਾਂ ਰੁਪਏ ਮਾਲੀਆ ਦਿੰਦਾ ਸੀ (ਲਖਪਤ) ਬਰਬਾਦ ਹੋ ਗਿਆ। ਇਤਹਾਸ ਗਵਾਹ ਹੈ ਕਿ ਇਹ ਇਲਾਕਾ ਬਹੁਤ ਹੀ ਉਪਜਾਊ ਹੁੰਦਾ ਸੀ ਤੇ ਝੋਨੇ ਦੀ ਵਾਧੂ ਫਸਲ ਹੁੰਦੀ ਸੀ। ਕੱਛ ਵਿਚਲਾ ਸਿੰਧ ਦਾ ਇਲਾਕਾ ਸਾਰਾ ਖਾਰਾ ਹੋ ਗਇਆ ਹੈ। ਇਥੇ ਬਹੁਤ ਹੀ ਵੱਡੀ ਖਾਰੇ ਪਾਣੀ ਦੀ ਝੀਲ ਬਣ ਚੁੱਕੀ ਹੈ। ਲੱਖਾਂ ਵਰਗ ਕਿਲੋਮੀਟਰ ਦਾ ਰਕਬਾ ਬਰਬਾਦ ਹੋ ਚੁੱਕਾ ਹੈ। ਅੱਜ ਕਲ ਇਥੇ ਪਾਣੀ ਬੰਨ ਕੇ ਫਿਰ ਸੁਕਾ ਕੇ ਲੂਣ ਤਿਆਰ ਕੀਤਾ ਜਾਂਦਾ ਹੈ।

ਅਕਸਰ ਹੀ ਦਲ ਦਲ ਵਿਚੋਂ ਕਦੀ ਖੂਬਸੂਰਤ ਇਮਾਰਤਾਂ ਤੇ ਕਿਲਿਆਂ ਦੀਆਂ ਕੰਧਾਂ ਨਜਰ ਆ ਪੈਂਦੀਆਂ ਹਨ। ਪਿਛੇ ਜਿਹੇ

ਪੈੜ ਸਫ਼ਾ

⊙ ਭਾਈ ਮਨੀ ਸਿੰਘ ਪੰਨਾ -560 ਨੇ ਇਹ ਘਟਨਾ ਸ਼ਿਕਾਰ ਪੁਰ ਹੋਣੀ ਲਿਖੀ ਹੈ ਜਦੋਂ ਕਿ ਸਥਾਂਨਕ ਪ੍ਰੰਪਰਾ ਅਨੁਸਾਰ ਇਹ ਬਕਰਾਨੀ ਦੀ ਹੈ।

◈ ਪੁਰਾਤਨ -67 (ਇਥੇ ਹੋਲਾਂ ਚਬਾਈਆਂ ਲਿਖਿਆ ਹੈ)

◈ ਭਾਈ ਮਨੀ ਸਿੰਘ ਪੰਨਾ -560 ਨੇ ਇਹ ਘਟਨਾ ਸ਼ਿਕਾਰ ਪੁਰ ਹੋਣੀ ਲਿਖੀ ਹੈ ਜਦੋਂ ਕਿ ਸਥਾਂਨਕ ਪ੍ਰੰਪਰਾ ਅਨੁਸਾਰ ਇਹ ਬਕਰਾਨੀ ਦੀ ਹੈ।





1819 ਈ. ਵਿਚ ਆਏ ਭੁਚਾਲ ਨੇ ਸਿੰਧ ਦਰਿਆ ਦਾ ਵਹਿਣ ਬਦਲ ਦਿਤਾ। ਜਿਸ ਨਾਲ ਵੱਡੀਆਂ ਭੂਗੋਲਿਕ ਤਬਦੀਲੀਆਂ ਆਈਆਂ। ਬਸਤਾ ਬੰਦਰ ਲਖਪਤ ਵੀ ਤਬਾਹ ਹੋ ਗਈ। ਪਰ ਗੁਰਸਿੱਖਾਂ ਨੇ ਗੁਰੂ ਸਾਹਿਬ ਦੀ ਯਾਦ ਅੱਜ ਵੀ ਕਾਇਮ ਰੱਖੀ ਹੋਈ ਹੈ। ਇਸ ਗੁਰਦੁਆਰੇ ਵਿਚ ਗੁਰੂ ਸਾਹਿਬ ਦੀਆਂ ਖੜਾਵਾਂ ਮੌਜੂਦ ਹਨ।

2012 ਈ. ਵਿਚ ਭਾਰਤੀ ਸਪੇਸ ਅਜੈਂਸੀ ਦੇ ਇੱਕ ਸਇੰਸਦਾਨ ਨੇ ਬਸਤਾ ਬੰਦਰ ਕਿਲੇ ਦੀਆਂ ਕੰਧਾਂ ਜਦੋਂ ਗੂਗਲ ਅਰਥ ਤੇ ਵੇਖੀਆਂ ਤਾਂ ਫਿਰ ਆਪ ਓਸ ਥਾਂ ਦੇ ਦਰਸ਼ਨ ਕਰਨ ਗਿਆ।

ਕਹਿਣ ਤੋਂ ਮਤਲਬ ਓਦੋਂ ਗੁਰੂ ਸਾਹਿਬ ਦਾ ਇਸ ਇਲਾਕੇ ਵਿਚ ਆਉਣਾ ਕਿੰਨਾ ਜਰੂਰੀ ਸੀ ਜਿੱਥੇ ਹਿੰਦੂ ਧਰਮ ਪੂਰੇ ਜਾਹੋ ਜਲਾਲ ਵਿਚ ਸੀ ਕਿਉਕਿ ਸਿੰਧ ਵਿਚ ਮੁਸਲਮਾਨਾਂ ਦਾ ਦਬ-ਦਬਾ ਹੋ ਜਾਣ ਕਾਰਨ ਬਹੁਤ ਸਾਰੇ ਕੱਟੜ ਹਿੰਦੂ ਇਸ ਪਾਸੇ ਵਲ ਹਿਜਰਤ ਕਰ ਚੁੱਕੇ ਸਨ। ਅੱਜ ਵੀ ਇਸ ਇਲਾਕੇ ਵਿਚ ਜਹਾਨ ਪ੍ਰਸਿਧ ਹਿੰਦੂ ਤੇ ਜੈਨ ਮੰਦਰ ਸਰਹੱਦ ਦੇ ਦੋਵੀ ਪਾਸੀ ਮਿਲਦੇ ਹਨ। ਪਰ ਬਰਬਾਦੀ ਵਾਲੀ ਰਹਿੰਦੀ ਕਸਰ ਹਿੰਦੁਸਤਾਨ ਤੇ ਪਾਕਿਸਤਾਨ ਦੀ ਸਰਹੱਦ ਨੇ ਕੱਢ ਦਿੱਤੀ ਹੈ। ਬਹੁਤਾ ਇਲਾਕਾ ਵੀਰਾਨ ਪਿਆ ਹੈ।

19ਵੀ ਸਦੀ ਦੇ ਸ਼ੁਰੂ ਵਿਚ ਕੁਝ ਗੁਰਸਿੱਖਾਂ ਨੇ ਰਲ ਕੇ ਗੁਰੂ ਨਾਨਕ ਪਾਤਸ਼ਾਹ ਦੀ ਯਾਦ ਪੱਕੀ ਬਣਵਾ ਦਿੱਤੀ ਜੋ ਅੱਜ ਵੀ ਮੌਜੂਦ ਹੈ। ਇਥੇ ਗੁਰੂ ਸਾਹਿਬ ਦੀਆਂ ਖੜਾਵਾਂ ਦੇ ਦਰਸ਼ਨ ਕਰਨ ਇਲਾਕੇ ਦਾ ਹਰ ਮਾਈ ਭਾਈ ਆਉਦਾ ਹੈ। ਹੋਰ ਤੇ ਹੋਰ ਇਸ ਇਲਾਕੇ ਨੂੰ ਵੇਖਣ ਜਦੋਂ ਗੈਰ ਸਿੱਖ ਆਉਦੇ ਹਨ ਤਾਂ ਲੰਗਰ ਇਥੋਂ ਛਕਦੇ ਹਨ। ਗੁਰਦੁਆਰਾ ਸਾਹਿਬ ਅੱਜ ਗੁਜਰਾਤ ਸਰਕਾਰ ਦੇ ਪੁਰਾਤਤਵ ਮਹਿਕਮੇ ਦੇ ਮੁਤਾਹਿਤ ਹੈ ਉਂਜ ਦੇਖ ਭਾਲ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਅਧੀਨ ਹੈ। ਇਹ ਨਹੀ ਪਤਾ ਲੱਗ ਸਕਿਆ ਕਿ ਖੜਾਵਾਂ ਸ਼ੁਰੂ 'ਚ ਕਿਥੇ ਸਨ। ਕਿਸੇ ਵੇਲੇ ਇਥੇ ਇੱਕ ਸਿੰਧੀ ਮੁਖੀਆ ਹੋਇਆ ਹੈ ਸ਼ਾਮ ਜੀ ਮਾਊ ਜੀ ਭਾਟੀਆ, ਗੁਰਦੁਆਰਾ ਸਾਹਿਬ ਬਣਾਉਣ ਵਿਚ ਇਨਾਂ ਦਾ ਯੋਗਦਾਨ ਸੁਣੀਦਾ ਹੈ। ਹੈਰਾਨੀ ਦੀ ਗਲ ਇਹ ਕਿ ਗੁਰਦੁਆਰੇ ਦੇ ਅੰਦਰ ਜੋ ਖੂਹ ਹੈ ਉਸ ਦਾ ਪਾਣੀ ਮਿੱਠਾ ਹੈ ਬਾਕੀ ਸਭ ਜਗ੍ਹਾ ਖਾਰਾ ਪਾਣੀ ਹੈ।

ਲਖਪਤ ਵਿਚ ਇੱਕ ਲੋਕ ਕਥਾ ਪ੍ਰਸਿਧ ਹੈ ਕਿ ਜਦੋਂ ਗੁਰੂ ਸਾਹਿਬ ਇਸ ਨਗਰ ਵਿਚ ਬਿਰਾਜੇ ਹੋਏ ਸਨ ਤਾਂ ਮਾਤਾ ਆਸਾਪੁਰਾ ਆ ਕੇ ਗੁਰੂ ਸਾਹਿਬ ਨੂੰ ਮਿਲੀ ਤੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਤੁਸੀ ਸਭ ਥਾਂਈ ਧਰਮ ਗੁਰੂਆਂ ਨੂੰ ਨਿਵਾਈ ਜਾ ਰਹੇ ਹੋ ਕੀ ਫਰਕ ਪੈਂਦਾ ਹੈ ਜੇ ਇੱਕ ਦੋ ਥਾਵਾਂ ਛੱਡ ਵੀ ਦਿਓ ਤਾਂ। ਇਸ ਦੰਤ ਕਥਾ ਤੋਂ ਇਹ ਅੰਦਾਜ਼ਾ ਲੱਗਦਾ ਹੈ ਕਿ ਗੁਰੂ ਸਾਹਿਬ ਮਾਤਾ-ਨੂੰ-ਮੜ (ਮਾਤਾ ਦੀ ਮੜੀ) ਜਿੱਥੇ ਆਸਾਪੁਰਾ ਮਾਤਾ ਦਾ ਮੰਦਰ ਹੈ ( ਲਖਪਤ ਤੋਂ 35 ਕਿਲੋਮੀਟਰ ਦੱਖਣ)। ਉਸ ਪਾਸੇ ਨਹੀ ਗਏ ਤੇ ਨਾਂ ਹੀ ਕੱਛ ਭੁੱਜ ਦੇ ਹੋਰ ਪ੍ਰਸਿਧ ਹਿੰਦੂ ਤੇ ਜੈਨ ਮੰਦਰ ਵੇਖਣ ਗਏ।

ਤਵਾਰੀਖ ਖਾਲਸਾ ਵਿਚ ਦਰਜ ਹੈ ਕਿ ਗੁਰੂ ਸਾਹਿਬ ਮਾਤਾ-ਨੂੰ-ਮੜ ਵੀ ਗਏ। ਓਥੋਂ ਦੇ ਇੱਕ ਮਸ਼ਹੂਰ ਵਾਮ ਮਾਰਗੀਏ ਕਾਪੜੀਏ ਮਹੰਤ (ਸਾਧੂਆਂ ਦਾ ਉਹ ਫਿਰਕਾ ਜਿਹੜਾ ਲੀਰਾਂ ਦੀ ਗੋਦੜੀ ਬਣਾ ਕੇ ਪਹਿਨਦਾ ਸੀ) ਨੂੰ ਕੁਕਰਮ ਕਰਨੋਂ ਹਟਾ ਕੇ ਨਿਰੰਕਾਰ ਦੇ ਭਜਨ ਵਿਚ ਲਾਇਆ।

ਲਖਪਤ ਤੋਂ 30 ਕਿਲੋਮੀਟਰ ਸਮੁੰਦਰ ਰਸਤੇ ਗੁਰੂ ਸਾਹਿਬ ਗੁਜਰਾਤ ਦੀ ਕੋਰੀ ਖਾੜੀ ਦੇ ਮੁਹਾਨੇ ਓਤੇ ਮੌਜੂਦ ਕੋਟੇਸ਼ਵਰ ਮੰਦਰ ਗਏ। ਇਹ ਥਾਂ ਚੁਫੇਰੇ ਸਮੁੰਦਰ 'ਚ ਘਿਰੀ ਹੋਈ ਹੈ। ਬੱਝੇ ਹੋਏ ਪਾਣੀ ਨੂੰ ਨਰਾਇਣ ਸਰੋਵਰ ਕਿਹਾ ਜਾਂਦਾ ਹੈ। ਇਥੋਂ ਦੀ ਕਥਾ ਹੈ ਕਿ ਭਗਵਾਨ ਸ਼ਿਵ ਨੇ ਰਾਵਣ ਦੀ ਭਗਤੀ ਤੇ ਪ੍ਰਸੰਨ ਹੋ ਕੇ ਉਨੂੰ ਲਿੰਗ ਬਖਸ਼ ਦਿੱਤਾ। ਇਸ ਤੇ ਦੇਵਤਿਆਂ ਨੇ ਸਾਜਸ਼ ਰਚੀ ਤੇ ਰਾਵਣ ਹੱਥੋਂ ਲਿੰਗ ਡਿੱਗ ਪਿਆ। ਰਾਵਣ ਜਦੋਂ ਥੱਲਿਓ ਲਿੰਗ ਚੁੱਕਣ ਲੱਗਾ ਤਾਂ ਕੀ ਵੇਖਦਾ ਹੈ ਓਥੇ ਤਾਂ ਅਣਗਿਣਤ (ਕੋਟ) ਲਿੰਗ ਪਏ ਹੋਏ ਨੇ। ਉਹ ਫਿਰ ਜਿਹੜਾ ਉੱਤੇ ਦਿਸਿਆ ਲੈ ਕੇ ਵਗਦਾ ਹੋਇਆ ਤੇ ਅਸਲੀ ਲਿੰਗ ਇਥੇ ਹੀ ਰਹਿ ਗਇਆ ਇਸ ਕਰਕੇ ਨਾਂ ਕੋਟੇਸ਼ਵਰ (ਕ੍ਰੋੜਾਂ ਈਸ਼ਵਰ) । ਇਥੇ ਵੀ ਲੋਕੀ ਪੇਹੋਵਾ, ਹਰਦੁਆਰ ਤੇ ਗਇਆ ਵਾਗੂ ਪਿੰਡ ਦਾਨ ਕਰਨ ਆਉਦੇ ਹਨ। ਗੁਰੂ ਸਾਹਿਬ ਨੇ ਇਥੇ ਲੋਕਾਈ ਨੂੰ ਜਾਗਰੂਕ ਕੀਤਾ ਕਿ ਤੁਹਾਡੇ ਇਹ ਸਰਾਧ ਕੋਈ ਨਹੀ ਪਹੁੰਚਦੇ ਮ੍ਰਿਤਕ ਰਿਸ਼ਤੇਦਾਰਾਂ ਤਕ। ਇਥੇ ਇੱਕ ਹੋਰ ਵੀ ਗਲਤ ਰਸਮ ਸੀ। ਕਈ ਲੋਕ ਇਥੇ ਦਰਸ਼ਨ ਕਰਨ ਉਪਰੰਤ ਆਪਣੇ ਸਰੀਰ ਤੇ ਦਾਗ ਪਵਾ ਲੈਂਦੇ ਸਨ। ਗੁਰੂ ਸਾਹਿਬ ਨੇ ਇਸ ਰਸਮ ਦਾ ਵੀ ਖੰਡਣ ਕੀਤਾ ਤੇ ਨਾਲ ਹੀ ਪੰਡਿਆਂ ਨੂੰ ਸਮਝਾਇਆ ਕਿ ਇਹ ਜੁਲਮ ਲੋਕਾਂ ਤੇ ਨਾਂ ਕਰੋ। ਦਾਗਣ ਵੇਲੇ ਇਨਸਾਨ ਨੂੰ ਵੱਡੀ ਸਰੀਰਕ ਪੀੜਾ ਥਾਂਣੀ ਗੁਜਰਨਾਂ ਪੈਂਦਾ ਸੀ।

----◆----

## ਅੰਜਾਰ- ਕੱਛ ਦੀ ਪੁਰਾਤਨ ਰਾਜਧਾਨੀ ਵਿਚ ਬਾਬਾ

ਤੱਟ ਦੇ ਨਾਲ ਨਾਲ ਸਮੁੰਦਰ ਰਸਤੇ 170 ਕਿਲੋਮੀਟਰ ਸਫਰ ਕਰਕੇ ਸਾਹਿਬ ਮਾਂਡਵੀ ਪਹੁੰਚੇ। ਮਾਂਡਵੀ ਮਹਾਂਭਾਰਤ ਵਿਚ ਆਏ ਸੰਤ ਮੰਡਵੀਆ ਦੇ ਨਾਲ ਸਬੰਧ ਰੱਖਦਾ ਹੈ। ਜਿੰਨੀ ਦਿਨੀ ਗੁਰੂ ਸਾਹਿਬ ਇਥੇ ਪਹੁੰਚੇ ਹਿੰਦੂ ਵਪਾਰੀ ਸਿੰਧ ਵਗੈਰਾ ਤੋਂ ਉੱਠ ਉੱਠ ਕੇ ਇਥੇ ਵਸ ਰਹੇ ਸਨ। 18ਵੀ ਸਦੀ ਤਾਂ ਇਹ ਵੱਡਾ ਬੰਦਰਗਾਹੀ ਵਪਾਰਕ ਕੇਂਦਰ ਬਣ ਚੁੱਕਾ ਸੀ। ਇਤਹਾਸ 'ਚ ਆਉਦਾ ਹੈ ਇੱਕ ਇਥੋ ਦੇ ਵਪਾਰੀਆਂ ਕੋਲ ਓਨੀ ਦਿਨੀ 400 ਜਹਾਜਾਂ ਦਾ ਬੇੜਾ

ਸ੍ਰੋਤ: ◆ ਗਿਆਨੀ -180, ਕਿਰਪਾਲ ਸਿੰਘ- 124, ਅਤੇ ਲਖਪਤ ਗੁਰਦੁਆਰੇ ਸੇਵਾਦਾਰਾਂ ਨਾਲ ਇੰਟਰਵਿਊ ਦੇ ਅਧਾਰ ਤੇ।

ਹੁੰਦਾ ਸੀ।

ਗੁਰੂ ਸਾਹਿਬ ਦੇ ਵੇਲੇ ਮਾਂਡਵੀ ਦਾ ਵਾਮ ਮਾਰਗੀ ਮਹੰਤ ਸ਼ਿਵਗਿਰੀ ਗੁਸਾਈਂ ਇਲਾਕੇ ਦਾ ਗੁਰੂ ਬਣਿਆ ਹੋਇਆ ਸੀ। ਗੁਰੂ ਦੀ ਕਿਰਪਾ ਸਦਕਾ ਸਿੱਧੇ ਰਾਹੇ ਪਿਆ। 19ਵੀ ਸਦੀ ਤੱਕ ਇਥੇ ਉਦਾਸੀ ਸੰਤ ਸਿੱਖੀ ਦੀ ਪ੍ਰਤੀਨਿਧਤਾ ਕਰ ਰਹੇ ਸਨ। ਹੁਣ ਮੁਸ਼ਕਲ ਹੀ ਹੈ ਕੋਈ ਹੋਵੇ।

ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਮਾਂਡਵੀ ਤੋਂ ਸਮੁੰਦਰ ਰਸਤੇ 60 ਕਿਲੋਮੀਟਰ ਸਫਰ ਕਰਕੇ ਫਿਰ ਗੁਜਰਾਤ ਦੀ ਬੰਦਰਗਾਹ ਮੁੰਦਰਾ ਵੀ ਪਹੁੰਚੇ। (ਇਹ ਵੀ ਸ਼ੱਕ ਹੈ ਕਿ ਮੁੰਦਰਾ ਬੰਦਰ ਅਜੇ ਇਸ ਹੈਸੀਅਤ ਵਿਚ ਨਹੀ ਸੀ ਕਿ ਗੁਰੂ ਸਾਹਿਬ ਓਥੇ ਜਾਂਦੇ।)

ਸੋ ਮਾਂਡਵੀ ਬੰਦਰ ਤੋਂ ਮੁੰਦਰਾ ਬੰਦਰ ਥਾਂਣੀ ਹੁੰਦੇ ਹੋਏ ਗੁਰੂ ਸਾਹਿਬ ਕੱਛ ਦੀ 1400 ਸਾਲ ਪੁਰਾਣੀ ਰਾਜਧਾਨੀ ਅੰਜਾਰ ਪਹੁੰਚੇ। (ਇਹ ਅੱਜ ਦੇ ਗਾਂਧੀਧਾਮ ਸ਼ਹਿਰ ਤੋਂ ਸਿਰਫ 10 ਕਿਲੋਮੀਟਰ ਚੜ੍ਹਦੇ ਹੈ। ਸ਼ੱਕ ਹੈ ਕਿ ਲਖਪਤ ਵਿਚ ਜੋ ਗੁਰੂ ਸਾਹਿਬ ਦੀਆਂ ਖੜਾਵਾਂ ਹਨ ਉਹ ਮੂਲ ਵਿਚ ਏਸੇ ਸ਼ਹਿਰ ਦੇ ਰਘੂ ਭਾਟੀਏ ਨੂੰ ਬਖਸ਼ੀਆਂ ਸਨ। ਵਾਮ ਮਾਰਗੀਆਂ ਦਾ ਇਲਾਕੇ ਵਿਚ ਪੂਰਾ ਜੋਰ ਸੀ। "ਜਸਲ-ਤੋਰਲ" ਹੀਰ ਰਾਂਝੇ ਵਰਗਾ ਕਿੱਸਾ ਗੁਜਰਾਤ ਵਿਚ ਬੜਾ ਮਸ਼ਹੂਰ ਹੈ ਜੋ ਇੱਕ ਵਾਮ ਮਾਰਗੀ ਸਾਧ ਤੋਂ ਮੁਟਿਆਰ ਨੂੰ ਆਜਾਦ ਕਰਾਉਣ ਦੀ ਕਹਾਣੀ ਹੈ। ਇਹ ਵੀ ਲੱਗ ਪੱਗ ਓਨਾਂ ਸਾਲਾਂ ਵਿਚ ਹੀ ਵਾਪਰੀ ਜਦੋ ਗੁਰੂ ਸਾਹਿਬ ਅੰਜਾਰ ਗਏ ਸਨ। ਗੁਜਰਾਤੀ ਲੋਕ ਜਸਲ-ਤੋਰਲ ਦੀ ਸਮਾਧ ਜੋ ਅੰਜਾਰ ਵਿਚ ਹੀ ਹੈ ਨੂੰ ਇੱਕ ਤਰਾਂ ਨਾਲ ਪੂਜਦੇ ਹਨ।

ਇਥੇ ਗੁਰੂ ਸਾਹਿਬ ਨੇ ਸਾਧਾਂ ਤੇ ਲੋਕਾਂ ਨੂੰ ਕਾਮ ਦੀ ਅਸਲੀ ਕਹਾਣੀ ਦਸਕੇ ਲੁੱਚਪੁਣੇ ਤੋਂ ਬਾਜ ਆਉਣ ਨੂੰ ਕਿਹਾ ਤੇ ਨਿਰੰਕਾਰ ਦੇ ਲੜ ਲਾਇਆ। (ਵਾਮ ਮਾਰਗੀਆਂ ਨੂੰ ਉਪਦੇਸ਼ ਦਿੱਤਾ। ਵੇਖੋ ਪੰਨਾ -151) ਗੁਰੂ ਸਾਹਿਬ ਰਘੂ ਭਾਟੀਏ ਦੇ ਬਾਗ ਵਿਚ ਹੀ ਠਹਿਰੇ ਸਨ।

----◈----

## ਲੋਕੋ ਪੱਥਰਾਂ ਦਾ ਖਹਿੜਾ ਛੱਡੋ– ਦਵਾਰਕਾ ਵਿਚ ਬਾਬਾ

ਅੰਜਾਰ ਤੋਂ 175 ਕਿਲੋਮੀਟਰ ਦੀ ਦੂਰੀ ਕੁਝ ਬੇੜੀ ਰਾਂਹੀ ਤੇ ਕੁਝ ਪੈਦਲ ਤਹਿ ਕਰਕੇ ਸਾਹਿਬ ਭਗਵਾਨ ਕ੍ਰਿਸ਼ਨ ਦੇ ਅਸਥਾਨ ਦਵਾਰਕਾ ਪਹੁੰਚ ਗਏ: ਮਤਲਬ ਕੱਛ ਦੇਸ ਤੋਂ ਸੌਰਾਸ਼ਟਰ ਦੇਸ ਵਿਚ ਆ ਗਏ ਜਿਨੂੰ ਜਨਮਸਾਖੀਆਂ ਵਿਚ ਸੋਰਠ ਦੇਸ ਲਿਖਿਆ ਹੈ। ਸਮੁੰਦਰ ਦੇ ਕੰਢੇ ਤੇ ਵੱਸਿਆ ਦਵਾਰਕਾ (ਸਵੱਰਗਾਂ ਦਾ ਦਰਵਾਜਾ) ਉਹ ਅਸਥਾਨ ਹੈ ਜਿੱਥੇ ਭਗਵਾਨ ਕ੍ਰਿਸ਼ਨ ਮਥੁਰਾ ਛੱਡ ਕੇ ਆ ਵਸੇ ਸਨ। ਕਹਿੰਦੇ ਆਪਣੀ ਯਾਦਵ ਸੈਨਾ ਵੀ ਨਾਲ ਹੀ ਲੈ ਆਏ ਸਨ ਕਿਉਕਿ ਜਰਾਸੰਧ ਨਾਂ ਦਾ ਰਾਜਾ ਭਗਵਾਨ ਦਾ ਖਹਿੜਾ ਨਹੀ ਸੀ ਛੱਡ ਰਿਹਾ ਤੇ ਜਨਤਾ ਵੀ ਰੋਜ ਰੋਜ ਦੇ ਯੁੱਧਾਂ ਤੋਂ ਤੰਗ ਆ ਗਈ ਸੀ। ਮੈਦਾਨੇ ਜੰਗ ਤੋਂ ਬਾਹਰ ਆ ਜਾਣ ਕਾਰਨ ਭਗਤ ਕਦੀ ਕ੍ਰਿਸ਼ਨ ਨੂੰ ਰਣਛੋੜ ਭਗਵਾਨ ਵੀ ਕਹਿੰਦੇ ਹਨ।

ਇਥੇ ਵੀ ਗੁਰੂ ਸਾਹਿਬ ਨੇ ਗਹਰੀ ਕਲਾ ਵਿਖਾਈ ਤੇ ਅਜਿਹਾ ਚਮਤਕਾਰ ਦਿਖਾਇਆ ਕਿ ਪਾਂਡੇ ਦੰਗ ਰਹਿ ਗਏ। ਇਥੇ ਫਿਰ ਸ਼ਬਦ ਗਾਵਿਆ:

ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ ॥ ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ ॥ ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ ॥ ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ ॥ ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ ॥ ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ ॥ ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ ॥ ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥

ਪੱਥਰਾਂ ਦੀ ਪੂਜਾ ਤੋਂ ਵਰਜ ਕੇ ਓਥੇ ਪੰਡਿਆਂ ਨੂੰ ਨਿਰੰਕਾਰ ਦੀ ਸਿਫਤ ਸਲਾਹ ਵਿਚ ਲਾਇਆ। ਕਿਹਾ ਜਾਂਦਾ ਹੈ ਕਿ ਜੋ ਭੋਜਨ ਦੇ ਥਾਲ ਉਹ ਮੂਰਤੀ ਨੂੰ ਚੜਾਉਣ ਦਾ ਪਾਖੰਡ ਕਰਦੇ ਸਨ ਉਹ ਥਾਲ ਗੁਰੂ ਨਾਨਕ ਪਾਸ ਪਹੁੰਚ ਗਏ। ਪੰਡਿਆਂ ਨੂੰ ਜਦੋਂ ਇਸ ਕੌਤਕ ਦਾ ਪਤਾ ਲੱਗਾ ਤਾਂ ਸਾਰੀ ਮੰਡਲੀ ਗੁਰੂ ਸਾਹਿਬ ਦੇ ਚਰਨੀ ਆ ਲੱਗੀ। ਓਥੇ ਫਿਰ ਗੁਰ ਅਸਥਾਨ ਵੀ ਬਣਾਇਆ ਗਿਆ। ਜਿੱਥੇ ਆਏ ਗਏ ਲਈ ਭੋਜਨ ਮੰਦਰ ਤੋਂ ਆਉਦਾ ਰਿਹਾ। (ਅਜ ਕਲ ਪਤਾ ਨਹੀ ਕੀ ਹਾਲਤ ਹੈ।)

----◈----

## ਸੋਰਠ ਦੇਸ ਦੀ ਸਾਖੀ

ਇਸ ਮੁਲਕ ਵਿਚ ਪਹੁੰਚ ਕੇ ਮਰਦਾਨਾ ਬੜਾ ਖੁੱਸ਼ ਹੋਇਆ। ਗੱਲੇ ਕੱਥੇ 'ਸ਼ੂ ਸ਼ੇ' (ਕੀ ਆ?) ਆਊ ਸ਼ੂ (ਆਉਦਾ ਹਾਂ), ਜਾਊ ਸ਼ੂ (ਜਾਂਦਾ ਹਾਂ), ਕੇਮ ਸ਼ੋ (ਕਿਵੇ ਹੋ?), ਹਾਰੂ ਸ਼ੇ (ਠੀਕ ਹੈ), ਬੇ ਮਾਣੂ ਸ਼ੇ (ਦੋ ਆਦਮੀ ਨੇ), ਹਾਮਬੜਤਾ ਨਥੀ (ਸਮਝਦਾ ਨਹੀ)। ਮਰਦਾਨਾ ਕਹਿਣ ਲੱਗਾ ਬਾਬਾ ਜੀ ਇਹ ਲੋਕ ਸ਼ੂ ਸ਼ੂ ਕੀ ਕਰਦੇ ਨੇ? ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਇਹ ਸੋਰਠ (ਸੌਰਾਸ਼ਟਰ) ਦੇਸ ਹੈ। ਹਰ ਦੇਸ ਦੀ ਆਪਣੀ ਬੋਲੀ ਤੇ ਭੇਸ ਹੁੰਦਾ ਹੈ। ਕਰਤੇ ਨੇ ਵੰਨਗੀ ਬਣਾਈ ਹੈ। ਜਿਵੇ ਅਸੀ 'ਹੈ' ਲਫਜ ਕਹਿਨੇ ਆਂ ਇਹ ਸ਼ੂ ਕਹਿੰਦੇ ਨੇ। ਕੁਲ ਮਿਲਾ ਕੇ ਲੋਕ ਚੰਗੇ ਨੇ ਪਰ ਮਾਇਆ ਮੋਹ ਵਿਚ ਗ੍ਰਸੇ ਪਏ ਨੇ। ਮਰਦਾਨਾ ਜਿਹੜਾ ਸੋਰਠ ਰਾਗ ਸਿਖਿਆ ਹੋਇਆ ਹੈ ਉਹ ਏਸੇ ਦੇਸ ਦਾ ਰਾਗ ਹੈ। ਇਹ ਸੁਣ ਮਰਦਾਨਾ ਗੱਦ ਗੱਦ ਹੋ ਉਠਿਆ।

ਸਾਹਿਬ ਨੇ ਕਿਹਾ ਮਰਦਾਨਿਆ ਚੁੱਕ ਰਬਾਬ ਫਿਰ। ਵਜਾ ਸੋਰਠ ਦੀ ਧੁੰਨ। ਸਾਹਿਬ ਨੇ ਸ਼ਬਦ ਗਾਇਆ:

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥ ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥ ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥ ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥ ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥ ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥ ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥੧॥

ਲਗਦੈ ਇਹ ਸਬਦ ਕਿਸੇ ਇਸਤਰੀ ਦੇ ਪ੍ਰਥਾਇ ਰਚਿਆ ਗਇਆ ਹੈ। ਉਂਜ ਇਸਤ੍ਰੀ ਰੂਪ ਜੀਵ ਆਤਮਾ ਨੂੰ ਉਪਦੇਸ਼ ਹੈ ਕਿ ਜਿਹੜੇ ਨਾਮ ਦੇ ਲੜ ਲੱਗ ਜਾਂਦੇ ਹਨ ਉਨਾਂ ਦੇ ਸਭ ਡਰ ਭਉ ਮੁਕ ਜਾਂਦੇ ਹਨ। ਓਨਾਂ ਲਈ ਫਿਰ ਸੋਰਠ ਜਿਹੇ ਗਰਮ ਦੇਸ ਵੀ ਸੁਹਾਵਣੇ ਹੋ ਜਾਂਦੇ ਨੇ।

ਗੁਰੂ ਸਾਹਿਬ ਅੱਗੇ ਮਿਆਣੀ ਬੰਦਰ ਗਏ ਜਿੱਥੇ ਹਰਸਿੱਧੀ ਮਾਤਾ ਨੂੰ ਖੁਸ਼ ਕਰਨ ਵਾਸਤੇ ਦਿੱਤੀ ਜਾਂਦੀ ਪਸ਼ੂ ਬਲੀ ਨੂੰ ਵਿਅੱਰਥ ਦੱਸਿਆ ਤੇ ਜੀਆਂ ਤੇ ਦਿਆ ਕਰਨਾਂ ਸਮਝਾਇਆ।

ਦਵਾਰਕਾ ਤੋਂ 100 ਕਿਲੋਮੀਟਰ ਅੱਗੇ ਫਿਰ ਪੋਰਬੰਦਰ ਜਾ ਪੜਾਅ ਕੀਤਾ। ਕ੍ਰਿਸ਼ਨ ਭਗਤ ਸੁਦਾਮਾ ਦੇ ਨਾਂ ਤੇ ਬਣੇ ਮੰਦਰ ਪਹੁੰਚ ਭਗਤਾਂ ਨੂੰ ਪੱਥਰ ਪੂਜਾ ਤੋਂ ਵਰਜ ਕੇ ਨਿਰੰਕਾਰ ਦੀ ਭਗਤੀ ਵਲ ਪ੍ਰੇਰਿਆ। ਪੋਰ ਬੰਦਰ ਵਿਖੇ ਅੱਜ ਵੀ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਮੌਜੂਦ ਹੈ। ਕਿਸੇ ਵੇਲੇ ਇਥੇ ਸਾਹਿਬ ਦੀਆਂ ਖੜਾਵਾਂ ਵੀ ਸੁਦਾਮਾਪੁਰੀ ਧਰਮਸਾਲਾ ਵਿਚ ਸਨ।

ਲਾਗੇ ਹੀ ਸਮੁੰਦਰ ਕੰਢੇ 9 ਕਿ. ਮੀ. ਓਡਦਰ ਪਿੰਡ ⊙ 'ਚ ਜੋਗੀਆਂ ਦੇ ਆਸ਼ਰਮ ਗਏ। ਜਿੱਥੇ ਜੋਗੀਆਂ ਨੂੰ ਸਮਝਾਇਆ ਕਿ ਜੋ ਕੁਝ ਤੁਸੀ ਧਰਮ ਦੇ ਨਾਂ ਤੇ ਕਰ ਰਹੇ ਹੋ ਇਹ ਸਰੀਕਰ ਕ੍ਰਿਆਵਾ ਨੇ । ਸ਼ਬਦ ਦੀ ਅਹਿਮੀਅਤ ਦਸਦੇ ਹੋਏ ਓਨਾਂ ਨੂੰ ਕਰਤਾਰ ਦੇ ਗੁਣ ਗਾਉਣ ਦਾ ਮਹੱਤਵ ਸਮਝਾਇਆ। ਓਥੇ ਵੀ ਮਾਤਾ ਓਡਦਰ ਦੇ ਨਾਂ ਤੇ ਜੋ ਪਾਖੰਡ ਚਲਦੇ ਸਨ ਉਨਾਂ ਨੂੰ ਵਰਜਿਆ ਤੇ ਸੱਚ ਧਰਮ ਦੇ ਰਾਹੇ ਪਾਇਆ।

----◈----

## ਜੂਨਾਗੜ੍ਹ – ਲੋਕਾਂ ਦੀ ਜੂਨ ਸਵਾਰ ਤੀ ਬਾਬੇ ਨੇ ਜੂਨਾਗੜ੍ਹ ਪਹੁੰਚ ਕੇ

ਸੌਰਾਸ਼ਟਰ ਦਾ ਇਲਾਕਾ 16ਵੀ ਸਦੀ ਵਿਚ ਪੂਰਾ ਧਾਰਮਿਕ ਰੰਗ ਵਿਚ ਰੰਗਿਆ ਹੋਇਆ ਸੀ। ਇਹ ਵੱਖਰੀ ਗਲ ਹੈ ਕਿ ਕੋਈ ਪੱਥਰ ਪੂਜ ਰਿਹਾ ਸੀ। ਕੋਈ ਸਰੀਰ ਨੂੰ ਕੋਹ ਰਿਹਾ ਸੀ। ਕੋਈ ਤੀਰਥ ਯਾਤਰਾ ਤੇ ਜੋਰ ਦੇ ਰਿਹਾ ਸੀ, ਕੋਈ ਜਾਨਵਰਾਂ ਦੀ ਬਲੀ ਦੇ ਕੇ ਮਾਤਾ ਨੂੰ ਜਾ ਭਗਵਾਨ ਨੂੰ ਖੁਸ਼ ਕਰਨਾਂ ਚਾਹੁੰਦਾ ਸੀ, ਕੋਈ ਜੋਗੀ ਸਮਾਧੀਆਂ ਤੇ ਜੋਰ ਦਈ ਜਾ ਰਿਹਾ ਸੀ, ਕੋਈ ਕ੍ਰਿਸ਼ਨ ਭਗਤ, ਕੋਈ ਸ਼ਿਵ ਭਗਤ, ਕੋਈ ਸੁਦਾਮਾ ਭਗਤ ਸੀ। ਗੁਰੂ ਸਾਹਿਬ ਨੇ ਪਹਿਲੀ ਵਾਰ ਲੋਕਾਂ ਨੂੰ ਸਮਝਾਇਆ ਕਿ ਤੁਸੀ ਸਭ ਕਰਤਾਰ ਦੀ ਕਿਰਤਾਂ ਦੀ ਭਗਤੀ 'ਚ ਲੱਗੇ ਪਏ ਹੋ। ਸ੍ਰਿਸਟੀ ਦੇ ਰਚਨਹਾਰ ਨੂੰ ਸਮਝੋ।

ਜੂਨਾਗੜ੍ਹ ਦਾ ਇਤਹਾਸ ਬਹੁਤ ਹੀ ਪੁਰਾਣਾ ਹੈ। ਇਥੋਂ ਤੱਕ ਕਿ ਸ਼ਹਿਰ ਵਿਚ ਸਮਰਾਟ ਅਸ਼ੋਕ ਦਾ ਸਿਲਲੇਖ ਵੀ ਮਿਲਦਾ ਹੈ। ਸ਼ਹਿਰ ਦਾ ਪਹਿਲਾਂ ਤਾਂ ਨਾਂ ਕੁਝ ਹੋਰ ਸੀ ਬਾਦ ਵਿਚ ਜੂਨਾਗੜ੍ਹ ਪਿਆ (ਜੂਨਾ- ਪੁਰਾਣਾ: ਗੁਜਰਾਤੀ) ਜਦੋਂ ਤੱਕ ਗੁਰੂ ਸਾਹਿਬ ਜੂਨਾਗੜ੍ਹ ਪਹੁੰਚੇ ਜੂਨਾਗੜ੍ਹ ਗੁਜਰਾਤ-ਸੁਲਤਾਨਾਂ ਦੇ ਕਬਜੇ 'ਚ ਜਾ ਚੁੱਕਾ ਸੀ। ਗੁਰੂ ਸਾਹਿਬ ਵੇਲੇ ਸੁਲਤਾਨ ਮੁਜ਼ੱਫਰ ਸ਼ਾਹ ਦੂਜੇ (1511-1526 ਈ.) ਦਾ ਰਾਜ ਸੀ। ਪਰ ਗੁਰੂ ਸਾਹਿਬ ਦੇ ਜੂਨਾਗੜ੍ਹ ਪਹੁੰਚਣ ਦੇ ਦਿਨਾਂ ਵਿਚ ਓਹ ਕਿਤੇ ਹੋਰ ਰੁੱਝਾ ਪਿਆ ਸੀ।

ਜੂਨਾਗੜ੍ਹ ਵਿਚ ਗੁਰੂ ਸਾਹਿਬ ਦੀ ਚਰਚਾ ਹੋਣ ਕਰਕੇ ਖੁੱਦ ਨਵਾਬ ਫੈਜ਼ ਤਾਲਿਬ ਖਾਂ ਸੁਣਨ ਆਇਆ। ਗੁਰੂ ਸਾਹਿਬ ਦੀਆਂ ਖੜਾਵਾਂ ਦਾ ਜੋੜਾ ਯਾਦਗਾਰ ਵਜੋਂ ਮੰਗ ਲਿਆ। ਕਿਲੇ ਦੇ ਨਾਲ ਹੀ ਸੁੰਦਰ ਧਰਮਸਾਲਾ ਵੀ ਬਣਵਾ ਦਿੱਤੀ। 150 ਸਾਲ ਪਹਿਲਾਂ ਤੱਕ ਇਥੇ ਨਾਨਕਸ਼ਾਹੀ ਸੰਤ ਸਿੱਖੀ ਦਾ ਪ੍ਰਚਾਰ ਕਰਦੇ ਸਨ।

ਜੂਨਾ ਗੜ੍ਹ ਏਡੀ ਵੱਡੀ ਰਿਆਸਤ ਹੋਵੇ ਤੇ ਕੋਈ ਸੂਫੀ ਪੀਰ ਨਾਂ ਹੋਵੇ। ਸੋ ਇਥੇ ਇੱਕ ਸੂਫੀ ਪੀਰ ਨਾਲ ਵੀ ਗੁਰੂ ਸਾਹਿਬ ਦੀ ਚਰਚਾ ਦਾ ਜਿਕਰ ਹੈ। ਜਿਸ ਦਾ ਨਾਂ ਦਾਤਾ ਗੰਜ ਬਖਸ਼ ਦੱਸਿਆ ਜਾਂਦਾ ਹੈ।

ਤਵਾਰੀਖ ਖਾਲਸਾ ਨੇ ਗੁਰੂ ਸਾਹਿਬ ਦੇ ਜੂਨਾਗੜ੍ਹ ਆਗਮਨ ਦਾ ਸਾਲ ਜੂਨ 1513 ਈ. ਦਿੱਤਾ ਹੈ ਜੋ ਸਹੀ ਲੱਗਦਾ ਹੈ।* ਗੁਰੂ ਸਾਹਿਬ 1512 ਈ ਦੇ ਅੰਤਲੇ ਮਹੀਨਿਆਂ ਵਿਚ ਪੱਖੋਕੇ ਤੋਂ ਰਵਾਨਾ ਹੋਏ ਸਨ।

----◈----

## ਗਿਰਨਾਰ ਪਹਾੜੀ ਤੇ ਵੀ ਗੁਰਮਤ ਦਾ ਝੰਡਾ ਜਾ ਗੱਡਿਆ ਬਾਬੇ ਨੇ

ਜੂਨਾਗੜ੍ਹ ਦੇ ਨਾਲ ਹੀ ਸਿਰਫ 10 ਕਿਲੋਮੀਟਰ ਦੂਰ ਗਿਰਨਾਰ ਦੀ ਪਹਾੜੀਆਂ ਵੱਡਾ ਧਾਰਮਿਕ ਕੇਂਦਰ ਰਹੀਆਂ ਹਨ। ਇਥੇ ਜੈਨਮੱਤ, ਸ਼ਿਵਮਤ ਜੋਗਮਤ (ਨਾਥ ਜੋਗੀ) ਸ਼ਕਤੀਮਤ (ਦੇਵੀ ਭਗਤੀ), ਵੈਸਨਵ-ਮਤ (ਭਗਵਾਨ ਕ੍ਰਿਸ਼ਨ, ਭਗਵਾਨ ਰਾਮ) ਨਾਲ ਸਬੰਧਿਤ ਸਥਾਨ ਤੇ ਮੰਦਰ ਹਨ। ਬੁੱਧਮੱਤ ਦਾ ਵੀ ਇਹ ਕੇਂਦਰ ਰਿਹਾ ਹੈ ਪਰ ਉਸਦੇ ਬਹੁਤੇ ਨਿਸ਼ਾਨ ਮਿੱਟ ਚੁੱਕੇ ਹਨ। ਜੋਗਮਤ ਦੇ ਬਾਨੀ ਦੱਤਾਤਰਿਆ ਦੇ ਇਸ ਪਹਾੜੀ ਤੇ ਪੱਦਚਿੰਨ ਮੌਜੂਦ ਹਨ। ਗੁਰੂ ਸਾਹਿਬ ਨੇ ਇਥੇ ਵੀ ਕੁਝ ਦਿਨ ਬਿਤਾਏ ਅਤੇ ਜੋਗੀਆਂ, ਬ੍ਰਾਹਮਣਾ, ਸੰਤਾਂ ਤੇ ਦੇਵੀ ਭਗਤਾਂ ਨੂੰ ਰਾਹੇ ਪਾਇਆ।

ਜੈਨੀਆਂ ਦਾ ਖੂਬਸੂਰਤ ਮੰਦਰ ਜਦੋਂ ਸਾਹਿਬ ਵੇਖਣ ਗਏ ਤਾਂ ਜੈਨੀ ਸਾਧੂ ਨੇ ਇਸ ਪਹਾੜੀ ਇਲਾਕੇ ਦੀਆਂ ਸਿਫਤਾਂ ਦੇ ਪੁਲ ਬੰਨ ਦਿੱਤੇ। ਓਥੇ ਫਿਰ ਗੁਰੂ ਸਾਹਿਬ ਨੇ ਇਹ ਸ਼ਬਦ ਵੀ ਗਾਇਆ ਜਿਸ ਦੀ ਰਚਨਾ ਪਹਿਲਾਂ ਹੋ ਚੁੱਕੀ ਸੀ ਤੇ ਤਾਲ ਦਾ ਸਾਥ ਦਿੱਤਾ ਮਰਦਾਨੇ ਦੀ ਰਬਾਬ ਨੇ:

ਸਲੋਕੁ ਮਃ ੧ ॥ ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥ ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥ ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥ ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥ ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥ ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥ ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥੧॥

----◈----

## ਨਾਰਭੀ ਸਰੇਵੜਾ⊙

ਗੁਰੂ ਸਾਹਿਬ ਗਿਰਨਾਰ ਪਹਾੜੀਆਂ ਤੇ ਜੈਨੀਆਂ ਦੇ ਅਸਥਾਨਾਂ ਤੇ ਵੀ ਗਏ ਸਨ। ਓਥੇ ਵੀ ਨਾਮ ਦਾ ਉਪਦੇਸ਼ ਦਿੱਤਾ। ਓਸ ਵੇਲੇ ਜੈਨੀਆਂ ਦਾ ਅਚਾਰੀਆ (ਮੁਖੀਆ ਮਹੰਤ) ਮੰਦਰ ਵਿਚ ਨਹੀ ਸੀ। ਜਦੋਂ ਉਹ ਕੁਝ ਸਮੇਂ ਬਾਦ ਆਇਆ ਤਾਂ ਗੁਰੂ ਸਾਹਿਬ ਦੇ ਉਪਦੇਸ਼ ਬਾਰੇ ਜਦੋਂ ਸੁਣਿਆਂ ਤਾਂ ਉਨ੍ਹੂੰ ਤਾਂ ਜਿਵੇ ਅੱਗ ਲੱਗ ਜਾਂਦੀ ਹੈ ਇਸ ਤਰਾਂ ਹੋਇਆ। ਕਿਉਕਿ ਉਹਦੇ ਸ਼ਗਿਰਦ ਗੱਲਾਂ ਹੀ ਵੱਖਰੀਆਂ ਕਰ ਰਹੇ ਸਨ। ਮਹੰਤ ਮੰਨਿਆਂ ਹੋਇਆ ਵਿਦਵਾਨ ਵੀ ਸੀ।

ਅਚਾਰੀਏ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਅਜੇ ਜੂਨਾ ਗੜ੍ਹ ਵਿਚ ਹੀ ਕਿਲੇ ਲਾਗੇ ਡੇਰਾ ਜਮਾਈ ਬੈਠੇ ਹਨ। ਅਚਾਰੀਆ ਆਪਣੇ ਚੇਲੇ ਬਾਲਕਿਆਂ ਨੂੰ ਨਾਲ ਲੈ ਕੇ ਆ ਗੁਰੂ ਸਾਹਿਬ ਦੇ ਡੇਰੇ ਲਾਗੇ ਧਮਕਿਆ। ਸੁਨੇਹਾ ਭੇਜਿਆਂ ਕਿ ਆਓ ਸਾਡੇ ਨਾਲ ਗਲ ਕਰੋ।

ਗੁਰੂ ਸਾਹਿਬ ਨਾਲ ਵਿਚਾਰ ਚਰਚਾ ਸ਼ੁਰੂ ਹੋਈ। ਅਚਾਰੀਆ

ਪੈੜ ਸਫਾ

⊙ ਗਿਆਨੀ-180 ਨੇ ਓਡੀਆਰ (ਓਡਦਰ), ਬੀਸ ਨਗਰ ਅਤੇ ਰਾਮੜੇ ਜਾਣਾ ਵੀ ਲਿਖਿਆ ਹੈ। (ਸ਼ਾਇਦ ਵੀਸਨਗਰ ਜਾਣ ਦੀ ਗਲ ਕਰ ਰਹੇ ਨੇ। ਰਾਮੜਾ ਸਾਨੂੰ ਨਹੀ ਮਿਲਿਆ।)

ਨਰਸੀ ਮਹਿਤਾ ਨਾਲ ਮੇਲ- ਗਿਆਨੀ ਤੇ ਹੋਰ ਲਿਖਾਰੀਆਂ ਨੇ ਅਜਿਹਾ ਲਿਖਿਆ ਹੈ ਪਰ ਨਰਸੀ (1414-1481) ਗੁਰੂ ਸਾਹਿਬ ਦੇ ਜੂਨਾਗੜ੍ਹ ਪਧਾਰਨ ਤੋਂ ਪਹਿਲਾ ਗੁਜਰ ਚੁੱਕਾ ਸੀ। ਲੱਗਦੈ ਉਹਦੇ ਭਗਤਾਂ ਦਾ ਗੁਰੂ ਸਾਹਿਬ ਨਾਲ ਮੇਲ ਹੋਇਆ ਹੋਵੇਗਾ। ਕਿਉਕਿ ਨਰਸੀ ਮਹਿਤਾ ਜੂਨਾਗੜ੍ਹ ਵਿਚ ਬਹੁਤ ਨਾਮਣਾ ਖੱਟ ਚੁੱਕਾ ਸੀ। ਪੋਰਬੰਦਰ 'ਚ ਪੈਦਾ ਹੋਇਆ ਮਹਾਤਮਾ ਗਾਂਧੀ ਵੀ ਨਰਸੀ ਦਾ ਭਗਤ ਸੀ ਜੋ ਅਕਸਰ ਨਰਸੀ ਭਜਨ 'ਵੈਸਨਵ ਜਨ ਤੋਂ ਤੈਨੇ ਕਹੀਏ ਜੋ ਪੀਰ ਪਰਾਈ ਜਾਨੇ ਰੇ' ਗਾਇਆ ਕਰਦਾ ਸੀ।

* ਜੇ ਕੋਈ ਸੱਜਣ ਗੁਰੂ ਸਾਹਿਬ ਦੇ ਆਗਮਣ ਨੂੰ ਜੂਨਾਗੜ੍ਹ ਦੇ ਇਤਹਾਸ ਨਾਲ ਜੋੜ ਕੇ ਖੋਜ ਕਰੇ ਤਾਂ ਅਵੱਸ਼ ਹੀ ਗੁਰੂ ਸਾਹਿਬ ਦੇ ਆਗਮਨ ਦੇ ਸਮੇਂ ਦਾ ਸਹੀ ਪਤਾ ਲੱਗ

ਕਹਿੰਦਾ ਕਿ ਤੁਸੀ ਪਲ ਪਲ ਤੇ ਪਾਪ ਕਰਦੇ ਹੋ। ਪਾਣੀ ਬਿਨਾਂ ਛਾਣੇ ਪੀ ਜਾਂਦੇ ਹੋ ਤੁਹਾਨੂੰ ਪਤਾ ਪਾਣੀ ਵਿਚ ਸੂਖਮ ਜੀਅ ਹੁੰਦੇ ਨੇ। ਅਚਾਰੀਏ ਨੇ ਗ੍ਰਿਸਤੀ ਜੀਵਨ ਦੇ ਬਹੁਤੇ ਕਾਰਜ ਗਿਣਾ ਗਿਣਾ ਕੇ ਦੱਸ ਦਿੱਤੇ ਕਿ ਕਿਵੇ ਬੰਦਾ ਰੋਜ ਪਾਪ ਕਰ ਰਿਹਾ ਹੈ।

ਗੁਰੂ ਸਾਹਿਬ ਨੇ ਓਥੇ ਅਚਾਰੀਆ ਤੇ ਹੋਰ ਨਾਲ ਆਏ ਸਰੇਵੜਿਆਂ ਨੂੰ ਬੜੇ ਪ੍ਰੇਮ ਪੂਰਬਕ ਕਰਤਾਰ ਦੇ ਚਲ ਰਹੇ ਹੁਕਮ ਦੀ ਵਿਆਖਿਆ ਕਰਕੇ ਸ੍ਰਿਸਟੀ ਦਾ ਚਲਨ ਸਮਝਾਇਆ ਕਿ ਜੋ ਕੁਝ ਹੋ ਰਿਹਾ ਹੈ ਉਸ ਨਿਰੰਕਾਰ ਦਾ ਹੁਕਮ ਹੈ। ਸਾਰੇ ਜੀਅ ਇੱਕ ਦੂਸਰੇ ਤੇ ਨਿਰਭਰ ਹਨ।

ਗੁਰੂ ਸਾਹਿਬ ਨੇ ਸਮਝਾਇਆ ਕਿ ਕਿਵੇ ਛੋਟੀ ਮੱਛੀ ਸੂਖਮ ਮੱਛੀਆਂ ਨੂੰ ਖਾ ਕੇ ਜਿੰਦਾ ਰਹਿ ਰਹੀ ਹੈ। ਨਿੱਕੀ ਮੱਛੀ ਨੂੰ ਵੱਡੀ ਖਾ ਰਹੀ ਹੈ। ਜੀਆਂ ਦੀ ਇੱਕ ਤਰਾਂ ਨਾਲ ਜੰਜੀਰ ਬਣੀ ਪਈ ਤੇ ਹਰ ਇੱਕ ਦੂਸਰੇ ਤੇ ਨਿਰਭਰ ਹੈ। ਗੁਰੂ ਸਾਹਿਬ ਨੇ ਅਚਾਰੀਆ ਨੂੰ ਪੁੱਛਿਆ ਕਿ ਤੁਸੀ ਤਾਂ ਸਾਰੀਆਂ ਖਾਣ ਵਾਲੀਆਂ ਚੀਜਾਂ ਨੂੰ ਪਾਪ ਗਰਦਾਨ ਦਿੱਤਾ ਹੈ ਤੁਸੀ ਖੁੱਦ ਕੀ ਖਾਂਦੇ ਹੋ? ਅਚਾਰੀਆ ਨੇ ਦੱਸਿਆ ਕਿ ਅਸੀ ਅੰਨ ਖਾਂਦੇ ਹਾਂ। ਗੁਰੂ ਸਾਹਿਬ ਕਿਹਾ ਕਿ ਵੇਖੋ ਤੁਸੀ ਜਮੀਨ ਵਿਚ ਪਲੀਆਂ ਸਬਜੀਆਂ ਜਿਵੇ ਗਾਜਰ ਮੂਲੀ ਆਲੂ ਆਦਿ ਵੀ ਨਹੀ ਖਾਂਦੇ ਇਹ ਕਿਉ। ਅਚਾਰੀਏ ਨੇ ਦੱਸਿਆ ਕਿ ਵੇਖੋ ਆਲੂ ਜਾਂ ਕੋਈ ਹੋਰ ਕੰਦ ਨੂੰ ਤੁਸੀ ਜਦੋਂ ਦੁਬਾਰਾ ਬੀਜਦੇ ਹੋ ਤਾਂ ਅਨੁਕੂਲ ਮੌਸਮ ਤੇ ਆਉਣ ਤੇ ਉਹ ਦੁਬਾਰਾ ਫੁਟਦਾ ਹੈ ਤੇ ਜੀਵਨ ਲਹਿ ਲਹਾ ਉਠਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਕਣਕ ਜਾਂ ਬਾਜਰੇ ਦਾ ਬੀਅ ਜਦੋਂ ਤੁਸੀ ਬੀਜਦੇ ਹੋ ਤਾਂ ਕੀ ਉਹ ਨਹੀ ਮੁੜ ਉੱਗ ਉੱਠਦਾ? ਅਚਾਰੀਆ ਕਹਿੰਦਾ ਜੀ ਗੇਂਹੂ ਦਾ ਬੀਜ ਜੜ ਅਵਸਥਾ ਵਿਚ ਹੁੰਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਆਲੂ ਵੀ ਤਾਂ ਜੜ੍ਹ ਅਵਸਥਾ ਵਿਚ ਹੁੰਦਾ ਹੈ। ਗੁਰੂ ਸਾਹਿਬ ਨੇ ਬੜੇ ਪ੍ਰੇਮ ਪੂਰਬਕ ਤਰੀਕੇ ਸਮਝਾਇਆ ਕਿ ਵੇਖੋ ਜਿਹੜੀ ਸ਼ੈਅ ਪਾਣੀ ਪੀ ਕੇ ਜਾਂ ਖੁਰਾਕ ਲੈ ਕੇ ਵੱਧ ਫੁਲ ਰਹੀ ਹੈ ਉਸ ਸਭ ਵਿਚ ਜੀਵਨ ਹੈ।

ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥ ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥2॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥ ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥

ਅਸਲ ਜੀਵਨ ਤਾਂ ਕਰਤਾਰ ਖੁੱਦ ਹੈ। ਉਸ ਇੱਕ ਤੋਂ ਸਾਰੀ ਸ੍ਰਿਸਟੀ ਗੁਣਾਂ ਹੋ ਜਾਂਦੀ ਹੈ ਜਾਂ ਵੱਖ ਵੱਖ ਰੂਪ ਉਹਦੇ ਹੁਕਮ ਅਨੁਸਾਰ ਧਾਰਨ ਕਰਦੀ ਹੈ। ਉਹ ਕਰਤਾ ਖੁੱਦ ਅਮਰ ਹੈ। ਅਚਾਰੀਆਂ ਨੂੰ ਦੱਸਿਆ ਕੇ ਜੇ ਤੁਹਾਡੇ ਅਸੂਲਾਂ ਅਨੁਸਾਰ ਵੇਖੀਏ ਤਾਂ ਤੁਸੀ ਜੁਲਮ ਕਰ ਹੀ ਰਹੇ ਹੋ।

ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥ ਕਿਆ ਮੁਹੁ ਲੈ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥

ਗਲ ਕਰਦੇ ਕਰਦੇ ਗੁਰੂ ਸਾਹਿਬ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ ਤੇ ਉਸ ਨੇ ਸ੍ਰੀ ਰਾਗ ਦੀ ਧੁੰਨ ਵਜਾਈ। ਸਾਹਿਬ ਨੇ ਸ਼ਬਦ ਗਾਇਆ:

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥ ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ ਰਹਾਉ ॥ ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥ ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥੨॥ ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥ ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥੩॥ ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥ ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥

ਕਰਤਾਰ ਦੇ ਹੁਕਮ ਵਿਆਖਿਆ ਤੇ ਭਾਣੇ ਵਿਚ ਚਲਣ ਦਾ ਸਿਧਾਂਤ ਜਦੋਂ ਸਰੇਵੜਿਆਂ ਸੁਣਿਆ ਤਾਂ ਅੱਸ਼ ਅੱਸ਼ ਕਰ ਉਠੇ। ਇਥੋਂ ਦਾ ਇੱਕ ਨਾਰਭੀ ਸਰੇਵੜਾ ਤਾਂ ਸ੍ਰੇਆਮ ਜੈਨ ਧਰਮ ਦਾ ਤਿਆਗ ਕਰਕੇ ਸਿੱਖ ਬਣ ਗਿਆ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਉਨੂੰ ਮੰਜੀ ਮਿਲੀ ਭਾਵ ਜੂਨਾਗੜ੍ਹ ਦੇ ਇਲਾਕੇ ਵਿਚ ਸਿੱਖੀ ਦਾ ਨੁਮਾਇਦਾ ਜਾਂ ਪ੍ਰਤੀਨਿਧੀ ਬਣਿਆ। **

ਸਾਰਾ ਕੁਝ ਸਮਝਾਉਣ ਉਪਰੰਤ ਗੁਰੂ ਸਾਹਿਬ ਨੇ ਨਵੇ ਬਣੇ ਸਿੱਖਾਂ ਨੂੰ ਨਾਲ ਹੀ ਦਇਆ ਦਾ ਸਿਧਾਂਤ ਵੀ ਸਮਝਾਇਆ ਕਿ ਕਰਤੇ ਦੀ ਸਾਰੀ ਰਚਨਾ ਨਾਲ ਦਇਆ ਪ੍ਰੇਮ ਤੇ ਕਰੁਣਾ ਨਾਲ ਪੇਸ਼ ਆਉਣਾ ਹੈ।

----◈----

## ਸੋਮਨਾਥ ਮੰਦਰ ਜਿੰਨੂ ਬਾਰ ਬਾਰ ਲੁੱਟਿਆ ਗਿਆ

ਗਿਰਨਾਰ ਪਹਾੜੀਆਂ ਤੋਂ ਹੇਠਾਂ ਉੱਤਰ 70 ਕਿਲੋਮੀਟਰ ਸਮੁੰਦਰ ਵਾਲੇ ਪਾਸੇ ਚਲ ਕੇ, ਪ੍ਰਭਾਸਪਟਨ (ਬੰਦਰਗਾਹ) ਪਹੁੰਚ ਗੁਰੂ ਸਾਹਿਬ ਨੇ ਸੋਮਨਾਥ ਮੰਦਰ ਵੇਖਿਆ ਜਿਹਦੀ ਧੁੰਮ ਲੱਗ ਪੱਗ ਪੂਰੇ ਏਸ਼ੀਆਂ ਵਿਚ ਪਈ ਹੋਈ ਸੀ। ਸੋਮਨਾਥ ਦਾ ਮੰਦਰ

ਪੈੜ ਸਰਾ

◉ ਜੈਨ ਭਿਖਸ਼ੂਆਂ ਨਾਲ ਗੁਰੂ ਸਾਹਿਬ ਦਾ ਬਹੁਤ ਥਾਈ ਮੇਲ ਹੋਇਆ ਹੈ। ਇਥੇ ਜੈਨ ਸਾਧੂ ਦਾ ਨਾਂ ਕਿਸੇ ਸਾਖੀ ਵਿਚ ਅਨਭੀ ਤੇ ਕਿਤੇ ਨਾਰਭੀ ਲਿਖਿਆ ਮਿਲਦਾ ਹੈ।

ਗੁਜਰਾਤ 'ਚ ਅਮੂਮਨ ਹਰ ਮਰਦ ਦੇ ਨਾਂ ਨਾਲ ਭਾਈ ਤੇ ਜਨਾਨੀ ਦੇ ਨਾਂ ਨਾਲ ਬਹਿਨ ਲੱਗਦਾ ਹੈ। ਨਾਰਭਾਈ ਨਾਂ ਗੁਜਰਾਤ ਵਿਚ ਬਹੁਤ ਹੀ ਆਮ ਹੈ। ਇਹ ਨਰਾਇਣ ਭਾਈ ਤੋਂ ਵਿਗੜ ਕੇ ਨਾਰਣਭਾਈ ਬਣਿਆ ਹੋਇਆ ਤੇ ਲਿਖਤ ਵਿਚ ਵੀ ਨਾਰਣਭਾਈ ਹੈ। ਪਰ ਜਦੋਂ ਬੋਲਦੇ ਨੇ ਨਾਰਭੀ ਜਾਂ ਨਰਭਾ ਵੀ ਕਹਿ ਦਿੰਦੇ ਨੇ। ਸੋ ਨਾਰਭੀ ਤੋਂ ਮਤਲਬ ਨਰਾਇਣ ਭਾਈ। ਜੈਨੀਆਂ ਦੇ ਇੱਕ ਤੀਰਥੰਕਰ ਰਿਸਭ ਦਾ ਸਬੰਧ ਵੀ ਗੁਜਰਾਤ ਨਾਲ ਜਾ ਮਿਲਦਾ ਹੈ। ਨਾਂ ਦੇ ਅੰਤ ਵਿਚ 'ਭ' ਆਉਣਾ ਭਾਈ ਲਫਜ਼ ਦਾ ਸੰਕੋਚਣਾ ਹੈ।

**ਜੈਨ ਮਤ**- ਜੈਨਮਤ ਹਿੰਦੁਸਤਾਨ ਦਾ ਸਭ ਤੋਂ ਪੁਰਾਣਾ ਧਰਮ ਹੈ। ਇਹਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਰੱਬ ਦੀ ਹੋਂਦ ਨੂੰ ਨਹੀ ਮੰਨਦਾ। ਜੈਨਮਤ ਅਨੁਸਾਰ ਸਾਰੀ ਸ੍ਰਿਸਟੀ ਦਾ ਮੂਲ ਜੀਵ ਦੀ ਆਤਮਾ ਤੇ ਦੂਸਰਾ ਮਾਇਆ (ਭਾਵ ਪਦਾਰਥ ਜਾਂ ਮੈਟਰ) ਹੈ। ਜੈਨਮਤ ਅਨੁਸਾਰ ਧਰਮ ਦਾ ਮਕਸਦ ਹੈ ਲੋਕਾਂ ਨੂੰ ਗਿਆਨ ਕਰਾਏ ਕਿ ਕੀ ਪਾਪ ਹੈ ਤੇ ਕੀ ਪੁੰਨ ਹੈ। ਅਤੇ ਜੇ ਪੁੰਨ ਕਰਨਗੇ ਤਾਂ ਮੁਕਤੀ ਹੋ ਜਾਵੇਗੀ ਤੇ ਜੇ ਪਾਪ ਕਰਨਗੇ ਤਾਂ ਦੁੱਖੀ ਹੋਣਗੇ। ਜੀਵ ਹੱਤਿਆ ਜਾਂ ਜੀਆਂ ਨੂੰ ਦੁੱਖ ਦੇਣਾ ਵੱਡੀ ਹਿੰਸਾ ਹੈ ਜਿਸ ਦੀ ਸਜਾ ਮਿਲੇਗੀ। ਜੈਨ ਨੇ ਹਰ ਕੰਮ ਕਰਨ ਤੋਂ ਪਹਿਲਾਂ ਸੋਚਣਾ ਹੈ ਕਿ ਉਸ ਦੇ ਕੰਮ ਨਾਲ ਕਿਤੇ ਜੀਅ ਹੱਤਿਆ ਤਾਂ ਨਹੀ ਹੋਵੇਗੀ। ਮਿਸਾਲ ਦੇ ਤੌਰ ਤੇ ਪਾਣੀ ਵੀ ਪੀਣਾ ਹੈ ਤਾਂ ਛਾਣ ਕੇ ਪੀਣਾ ਹੈ ਕਿਉਕਿ ਪਾਣੀ ਵਿਚ ਸੂਖਮ ਜੀਅ ਹੁੰਦੇ ਹਨ। ਜਮੀਨ ਵਿਚ ਪੈਦਾ ਹੋਣ ਵਾਲੇ ਫਲ ਸਬਜੀਆਂ ਨਹੀ ਖਾਣੀਆਂ। ਆਲੂ, ਪਿਆਜ, ਮੂਲੀ, ਗਾਜਰ ਸਭ ਵਰਜਿਤ ਨੇ। ਕਿਉਕਿ ਇਨਾਂ ਦੇ ਪੁੱਟਣ ਨਾਲ ਕਈ ਜੀਅ ਮਾਰੇ ਜਾਂਦੇ ਹਨ। ਨਾਲੇ ਆਲੂ ਤੋਂ ਦੁਬਾਰਾ ਆਲੂ ਉਗ ਆਉਦੇ ਹਨ ਇਸ ਕਰਕੇ ਆਲੂ ਦਾ ਖਾਣਾ ਪਾਪ ਹੈ। ਦਿਨ ਡੁੱਬੇ ਪਿੱਛੋਂ ਖਾਣਾ ਨਹੀ ਖਾਣਾ। ਦੋ ਚਾਰ ਘੰਟੇ ਖਾਣਾ ਪਿਆ ਰਹਿ ਜਾਏ ਤਾਂ ਉਸ ਵਿਚ ਵੀ ਜੀਅ ਪੈਦਾ ਹੋ ਜਾਂਦੇ ਹਨ। ਇਸ ਕਰਕੇ ਨਹੀ ਖਾਣਾ। ਜਿਆਦਾ ਸਖਤ ਜੈਨ ਤਾਂ ਪਾਲਕ ਜਾਂ ਸਰੋਂ ਦਾ ਸਾਗ ਵਰਗੀਆਂ ਹਰੀਆਂ ਸਬਜੀਆਂ ਵੀ ਨਹੀ ਖਾਂਦੇ। ਅਖੇ ਇਸ ਵਿਚ ਜੀਵਨ ਹੁੰਦਾ ਹੈ। ਇਸ਼ਨਾਨ ਕਰਨ ਨਾਲ ਸਾਡੇ ਸਰੀਰ ਤੇ ਜੋ ਸੂਖਮ ਜੀਅ ਬੈਠੇ ਹੁੰਦੇ ਹਨ ਉਹ ਮਾਰੇ ਜਾਂਦੇ ਹਨ ਇਸ ਕਰਕੇ ਇਸ਼ਨਾਨ ਨਹੀ ਕਰਨਾਂ। ਪੁਰਾਣੇ ਸਮਿਆਂ ਵਿਚ ਤਾਂ ਜੈਨੀ ਲੋਕ ਬਹੁਤ ਹੀ ਰੂੜੀਵਾਦੀ ਸਨ ਤੇ ਇਨਾਂ ਦੇ ਵਿਹਾਰ ਹਾਸੋਹੀਣੇ ਹੁੰਦੇ ਸਨ। ਪਰ ਵਕਤ ਨਾਲ ਇਨਾਂ ਵਿਚ ਸੁਧਾਰ ਆ ਗਇਆ ਹੈ। ਅੱਜ ਜੈਨ ਧਰਮ ਸਿਰਫ ਬਣੀਆਂ (ਵਪਾਰੀ ਕੌਮ) ਵਿਚ ਬਚਿਆ ਹੈ। ਬਾਕੀ ਜਾਤਾਂ ਇਹ ਧਰਮ ਛੱਡ ਚੁੱਕੀਆਂ ਹਨ। ਇਹ ਧਰਮ ਪੂਰੇ ਹਿੰਦੁਸਤਾਨ ਵਿਚ ਫੈਲਿਆ ਹੋਇਆ ਸੀ। ਮੱਧਕਾਲ ਵਿਚ ਜਦੋਂ ਜੈਨ ਧਰਮ ਬਾਕੀ ਸੂਬਿਆਂ ਵਿਚੋਂ ਮੁੱਕ ਚੁੱਕਾ ਸੀ ਮਹਾਰਾਸ਼ਟਰ, ਗੁਜਰਾਤ ਤੇ ਰਾਜਸਥਾਨ ਵਿਚ ਅਜੇ ਵੀ ਬਚਿਆਂ ਹੋਇਆ ਸੀ। ਜੈਨੀਆਂ ਅਨੁਸਾਰ ਮੰਦਰ ਉਸਾਰਨਾਂ ਪੁੰਨ ਦਾ ਕੰਮ ਹੈ ਜਿਸ ਕਰਕੇ ਪੁਰਾਤਨ ਕਾਲ ਵਿਚ ਬਹੁਤ ਹੀ ਖੂਬਸੂਰਤ ਮੰਦਰ ਬਣੇ।

** ਕਈ ਲਿਖਾਰੀਆਂ ਨੇ ਮਾਝ ਦੀ ਵਾਰ ਵਾਲਾ ਜੋ ਸ਼ਬਦ ਹੈ, "ਸਿਰੁ ਖੋਹਾਇ ਪੀਅਹਿ ਮਲਵਾਣੀ......" ਇਥੇ ਰਚਨ ਦੀ ਗਲ ਕਹੀ ਹੈ ਜੋ ਕਿ ਗਲਤ ਹੈ। ਉਸ ਸ਼ਬਦ ਦਾ ਸ਼ੁਧ ਪੰਜਾਬੀ ਵਿਚ ਹੋਣਾਂ ਇਹ ਜਾਹਿਰ ਕਰਦਾ ਹੈ ਕਿ ਸ਼ਬਦ ਜਾਹਮਣ, ਪੰਜਾਬ ਵਿਚ ਹੀ ਰਚਿਆ ਗਇਆ ਸੀ।

ਹਿੰਦੂਧਰਮ ਦੇ 12 ਜੋਤੀਲਿੰਗਾਂ (ਅਖੇ ਜਿੱਥੇ ਲਿੰਗ ਆਪ ਮੁਹਾਰੇ ਪੈਦਾ ਹੁੰਦਾ ਹੈ) ਵਿਚੋਂ ਹੈ। ਜਿਵੇ ਪ੍ਰਯਾਗ (ਅਲਾਹਾਬਾਦ) ਵਿਚ ਤ੍ਰਿਵੇਣੀ (ਤਿੰਨ ਦਰਿਆਵਾਂ ਦਾ) ਸੰਗਮ ਹੈ ਇਥੇ ਵੀ ਪੁਜਾਰੀਆਂ ਨੇ ਕਹਾਣੀ ਬਣਾ ਕੇ ਇਨੂੰ ਵੀ ਪ੍ਰਯਾਗ ਦੇ ਬਰਾਬਰ ਦਾ ਦਰਜਾ ਦਿੱਤਾ ਹੋਇਆ ਹੈ। ਇਥੇ ਦੋ ਨਾਲੇ (ਹਿਰਨ ਤੇ ਕਪਿਲਾ) ਮਿਲਦੇ ਹਨ। ਤੀਸਰਾ ਦਰਿਆ ਸਰਸਵਤੀ ਪੁਜਾਰੀਆਂ ਨੇ ਮਿੱਥ ਲਿਆ ਹੈ

ਕਿਉਕਿ ਸੋਮਨਾਥ ਦੀ ਲੁੱਟ ਵੇਲੇ ਮੁਸਲਮਾਨ ਹਮਲਾਵਰਾਂ ਨੇ ਬੇਸ਼ੁਮਾਰ ਮਾਇਆ ਇਥੋਂ ਹਾਸਲ ਕੀਤੀ ਸੀ। (ਕਈ ਇਤਹਾਸਕਾਰਾਂ ਦਾ ਕਥਨ ਹੈ ਕਿ ਲੁੱਟ ਘੱਟ ਹੋਈ ਤੇ ਮਸ਼ਹੂਰੀ ਕੁਝ ਜਿਆਦਾ ਹੀ ਹੋ ਗਈ।) ਮੁਸਲਮਾਨ ਹਮਲਾਵਰਾਂ ਨੇ ਵੀ ਸੋਮਨਾਥ ਮੰਦਰ ਨੂੰ ਬਾਰ ਬਾਰ ਲੁੱਟਣ ਦੀ ਲੱਗਦਾ ਜਿੱਦ ਫੜ੍ਹ ਲਈ ਸੀ। ਓਦੋਂ ਚਲਾਕ ਪੰਡਿਆਂ ਨੇ ਭਗਵਾਨ ਸ਼ਿਵ ਜੀ ਦੀ ਲੋਹੇ ਦੀ ਮੂਰਤੀ ਬਣਵਾ ਲਈ। ਮੂਰਤੀ ਦੇ ਉਤੇ ਚੁੰਬਕ ਇਸ ਹਾਲਤ ਵਿਚ ਲਾਏ ਕਿ ਮੂਰਤੀ ਧਰਤੀ ਤੋਂ ਉਠੀ ਨਜਰ ਆਉਦੀ ਸੀ। ਇਸਨੂੰ ਵੇਖਣ ਲਈ ਭਗਤਾਂ ਦਾ ਤਾਂਤਾ ਲਗਿਆ ਰਹਿੰਦਾ ਸੀ ਜਿਸ ਕਾਰਨ ਮੰਦਰ ਬਹੁਤ ਅਮੀਰ ਹੋ ਗਇਆ। ਇਨੂੰ ਵੇਖਾ ਵੇਖੀ ਹੋਰ ਮੰਦਰਾਂ ਦੇ ਪੁਜਾਰੀਆਂ ਨੇ ਵੀ ਭੋਲੇ ਸ਼ਰਧਾਲੂਆਂ ਨੂੰ ਲੁੱਟਣ ਖਾਤਰ ਨਵੇ ਨਵੇ ਤਰੀਕੇ ਈਜਾਦ ਕੀਤੇ ਹੋਏ ਸਨ।

ਜਿਵੇ ਦਵਾਰਕਾ ਦੇ ਮੰਦਰ ਵਿਚ ਪੁਜਾਰੀਆਂ ਨੇ ਇੱਕ ਗੁਪਤ ਤਹਿਖਾਨਾ ਬਣਾਇਆ ਹੋਇਆ ਸੀ। ਸ਼ਰਧਾਲੂ ਨੂੰ ਮੂਰਖ ਬਣਾਉਣ ਖਾਤਰ ਪੁਜਾਰੀ ਉਨੂੰ ਕਹਿ ਦਿਆ ਕਰਦੇ ਸਨ ਕਿ ਜੇ ਐਨੀ ਭੇਟਾ ਦੇਵੇ ਤਾਂ ਅਸੀ ਮੰਤਰ ਪੜਾਂਗੇ ਭਗਵਾਨ ਤੇਰੇ ਚੜਾਏ ਭੋਜਨ ਦਾ ਭੋਗ ਵੀ ਲਾਉਣਗੇ। ਸ਼ਰਧਾਲੂ ਇਹ ਸੁੱਣ ਕੇ ਗੱਦ ਗੱਦ ਹੋ ਉਠਦਾ। ਓਹ ਮੰਗੀ ਭੇਟਾ ਦੇ ਦਿੰਦਾ ਤੇ ਸਵਾਦੀ ਪਕਵਾਨ ਚੜਾਉਦਾ। ਫਿਰ ਪੁਜਾਰੀ ਉਨੂੰ ਵਿਖਾ ਕੇ ਮੰਦਰ ਦੇ ਕਿਵਾੜ ਢੋਅ ਦਿੰਦਾ। ਬਾਹਰ ਬਹਿ ਕੇ ਉੱਚੀ ਉੱਚੀ ਮੰਤਰ ਪੜਦਾ। ਤਹਿਖਾਨੇ ਵਿਚ ਬੈਠੇ ਬੰਦੇ ਨੂੰ ਇਸ਼ਾਰਾ ਮਿਲ ਜਾਂਦਾ ਜੋ ਚੜਾਇਆ ਹੋਇਆ ਭੋਜਨ ਛਕਦਾ ਤੇ ਮੂਰਤੀ ਦੇ ਮੂੰਹ ਤੇ ਹੱਥ ਭੋਜਨ ਨਾਲ ਲਬੇੜ ਦਿੰਦਾ। ਬਾਦ ਵਿਚ ਦਰਵਾਜੇ ਖੋਲ ਦਿੱਤੇ ਜਾਂਦੇ। ਸ਼ਰਧਾਲੂ ਖੁਸ਼ ਹੋ ਜਾਂਦੇ। ਅੱਜ ਤੋਂ 150 ਸਾਲ ਪਹਿਲਾਂ ਪੁਜਾਰੀਆਂ ਦਾ ਜਦੋ ਇਹ ਪਾਜ ਨੰਗਾ ਹੋਇਆ ਤਾਂ ਅੰਗਰੇਜ ਸਰਕਾਰ ਨੂੰ ਮੌਕਾ ਮਿਲ ਗਇਆ ਮੰਦਰ ਵਿਚ ਦਾਖਲ ਹੋਣ ਦਾ ਜਿਸ ਕਰਕੇ ਅਰਬਾਂ ਰੁਪਿਆਂ ਦਾ ਸੋਨਾ ਚਾਂਦੀ ਤਹਿਖਾਨੇ ਵਿਚੋਂ ਜਬਤ ਕੀਤਾ।



ਗੁਰਦੁਆਰਾ ਨਾਨਕਵਾੜੀ । ਵੜੋਦਰਾ ਜਾਂ ਬੜੋਦਾ ਸ਼ਹਿਰ ਵਿਚ ਗੁਰੂ ਸਾਹਿਬ ਦੇ ਆਉਣ ਬਾਰੇ ਸਾਡੀ ਤਸੱਲੀ ਨਹੀ ਹੋਈ। ਕਿਉਕਿ ਸਾਨੂੰ ਨਹੀ ਲਗਦਾ ਕਿ ਗੁਰੂ ਸਾਹਿਬ ਦੇ ਵੇਲੇ ਇਹ ਸ਼ਹਿਰ ਮੌਜੂਦ ਸੀ। ਗੁਰਸਿੱਖਾਂ ਨੇ ਇਥੇ ਉਂਜ ਯਾਦਗਾਰੀ ਗੁਰਦੁਆਰਾ ਬਣਾ ਲਿਆ ਹੈ। ਇਹ ਤਸਵੀਰ ਇੰਟਰਨੈਟ ਤੋਂ ਲਈ ਹੈ। ਕਿਸੇ ਜਿੰਮੇਵਾਰ ਨਿਵਾਸੀ ਨਾਲ ਸੰਪਰਕ ਨਹੀ ਹੋ ਸਕਿਆ ਜਿਸ ਤੋਂ ਗੁਰੂ ਸਾਹਿਬ ਦੀ ਆਮਦ ਬਾਰੇ ਤਸੱਲੀ ਹੋ ਸਕੇ।

ਅਜਿਹੇ ਹੀ ਕੁਕਰਮ ਗੁਰੂ ਸਾਹਿਬ ਦੇ ਵੇਲੇ ਵੀ ਸੋਮਨਾਥ ਦੇ ਮੰਦਰ ਵਿਚ ਚਲ ਰਹੇ ਸਨ। ਹਾਲਾਂ ਬਾਰ ਬਾਰ



ਸੋਮਨਾਥ ਮੰਦਰ ਦੇ ਖੰਡਰਾਂ ਦੀ 1869 ਈ. ਵਿਚ ਲਈ ਗਈ ਤਸਵੀਰ

ਮੁਸਲਮਾਨਾਂ ਨੇ ਇਹ ਮੰਦਰ ਲੁੱਟੇ ਪਰ ਪੁਜਾਰੀ ਲੁੱਟ ਦੇ ਕੁਝ ਸਾਲ ਬਾਦ ਹੀ ਸਭ ਭੁਲ ਭੁੱਲਾ ਕੇ ਆਪਣੀਆ ਮਾੜੀਆਂ ਹਰਕਤਾਂ ਫਿਰ ਸ਼ੁਰੂ ਕਰ ਦਿੰਦੇ ਸਨ। ਗੁਰੂ ਸਾਹਿਬ ਨੇ ਪੁਜਾਰੀਆਂ ਨੂੰ ਸੁਚੇਤ ਕੀਤਾ ਕਿ ਸਰਬ ਵਿਆਪਕ ਨਿਰੰਕਾਰ ਕੋਲੋਂ ਡਰੋ। ਤਾਂ ਹੀ ਗੁਰੂ ਸਾਹਿਬ ਨੇ ਇਨਾਂ ਨੂੰ ਉਪਦੇਸ ਦਿੱਤਾ ਕਿ ਰੰਗ ਰੰਗ ਦੇ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਵਾਲੇ ਜੋ ਤੁਸੀ ਕਰਮ ਕਾਂਡ ਕਰਦੇ ਹੋ ਉਹ ਸਭ ਵਿਅੱਰਥ ਹਨ ਤੇ ਜੇ ਤੁਸੀ ਸੱਚ ਮੁੱਚ ਭਗਵਾਨ ਦੀ ਭਗਤੀ ਕਰਨਾਂ ਲੋਚਦੇ ਹੋ ਤਾਂ ਉਸ ਨਿਰੰਕਾਰ ਨੂੰ ਧਿਆਓ ਜੋ ਸਰਬ ਵਿਆਪਕ ਹੈ। ਸੋਮਨਾਥ ਇਲਾਕੇ ਵਿਚ ਵੱਡੀ ਅਬਾਦੀ ਮੁਸਲਮਾਨਾਂ ਦੀ ਵੀ ਹੈ ਜੋ ਸਾਬਤ ਕਰਦੀ ਹੈ ਕਿ ਆਮ ਜਨਤਾ ਪੁਜਾਰੀਆਂ ਦੇ ਪਾਖੰਡ ਸਮਝਦੀ ਸੀ ਤਾਂ ਹੀ ਉਹ ਹਮਲੇ ਵੇਲੇ ਅੰਦਰੋ ਖੁਸ਼ ਹੁੰਦੇ ਸਨ ਤੇ ਬਹੁਤੇ ਮੁਸਲਮਾਨ ਵੀ ਬਣ ਗਏ।

ਇਥੇ ਪ੍ਰਭਾਸਪਟਨ ਵਿਚ ਜੋ ਗੁਰੂ ਸਾਹਿਬ ਨੇ ਸੰਗਤ ਖੜੀ ਕੀਤੀ ਉਹਨਾਂ ਕੋਲ ਵੀ ਗੁਰੂ ਸਾਹਿਬ ਦੀਆਂ ਖੜਾਵਾਂ ਦਾ ਜੋੜਾ ਹੁੰਦਾ ਸੀ। ਪ੍ਰਭਾਸਪਟਨ ਤੋਂ ਗੁਰੂ ਸਾਹਿਬ 280 ਕਿਲੋਮੀਟਰ ਦਾ ਬੇੜੀ ਰਾਂਹੀ ਪੈਡਾ ਤਹਿ ਕਰਕੇ ਪਲਤਾਨਾ ਸ਼ਹਿਰ ਆਏ ਜੋ ਭਾਬੜਿਆਂ (ਜੈਨ) ਲੋਕਾਂ ਦੀ ਰਿਆਸਤ ਸੀ ਤੇ ਉਘਾ ਜੈਨ ਕੇਂਦਰ ਸੀ। ਇਨਾਂ ਦੇ ਬਣਾਏ ਪੁਰਾਣੇ ਮੰਦਰ ਦੇਖਣ ਲਾਇਕ ਹਨ। ਇਨਾਂ ਨਾਸਤਕ ਲੋਕਾਂ ਨੂੰ ਜੋ ਉਂਜ ਵੀ ਕੁਚੀਲ ਰਹਿੰਦੇ ਸਨ, ਸਾਹਿਬ ਨੇ ਘਟ ਘਟ ਵਿਚ ਬਿਰਾਜਮਾਨ ਨਿਰੰਕਾਰੀ ਜੋਤ ਨਾਲ ਜੋੜਿਆ।

----◈----

## ਭੜੋਚ ਸ਼ਹਿਰ ਜਿੱਥੇ ਬਾਬੇ ਨੇ ਚਾਦਰ ਨੂੰ ਹੀ ਬੇੜੀ ਬਣਾ ਲਿਆ

ਪਲਤਾਨਾ ਤੋਂ ਗੁਰੂ ਸਾਹਿਬ ਨੇ ਖੰਭਾਤ ਦੀ ਖਾੜੀ ਪਾਰ ਕੀਤੀ ਤੇ ਬੜੋਚ ਸ਼ਹਿਰ ਪਹੁੰਚ ਗਏ। ਬੜੋਚ (ਜਾਂ ਭੜੋਚ) ਭਾਰਤ ਦੇ ਸਭ ਤੋਂ ਪੁਰਾਣੇ ਸ਼ਹਿਰਾਂ ਵਿਚੋਂ ਦੂਸਰੇ ਨੰਬਰ ਤੇ ਹੈ। ਸਭ ਤੋਂ ਪੁਰਾਣਾ ਸ਼ਹਿਰ ਕਾਂਸ਼ੀ ਗਿਣਿਆ ਜਾਂਦਾ ਹੈ। ਹਿੰਦੂਆਂ ਦੇ ਸਿਕੰਦ ਪੁਰਾਣ ਅਨੁਸਾਰ ਬੜੋਚ ਸ਼ਹਿਰ ਰਿਸ਼ੀ ਭ੍ਰਿਗੂ ਦਾ ਹੈ। ਇਹ ਓਹੋ ਜਗਾ ਹੈ ਜਿੱਥੇ ਵਾਮਨ (ਵੌਣੇ) ਨੇ ਰਾਜਾ ਬਲ ਕੋਲੋ ਢਾਈ ਕਰੂ ਜਾਂ ਕਰਮਾਂ ਥਾਂ ਮੰਗਿਆ ਸੀ। ਭ੍ਰਿਗੂ ਬ੍ਰਹੱਮਾ ਦੇ 10 ਪੁੱਤ੍ਰਾਂ ਵਿਚੋਂ ਸੀ। ਭੜੋਚ ਸ਼ਹਿਰ ਜੈਨੀਆਂ ਤੇ ਬੋਧੀਆਂ ਦਾ ਵੀ ਪਵਿੱਤਰ ਨਗਰ ਹੈ। ਇੱਕ ਕੋਈ ਚਕ੍ਰਧਰ ਸਵਾਮੀ ਨੇ ਆਪਣਾ ਪੰਥ 1267 ਈ. ਨੂੰ ਚਲਾਇਆ ਸੀ ਉਸਦਾ ਜਨਮ ਵੀ ਏਸੇ ਸ਼ਹਿਰ ਵਿਚ ਹੋਇਆ ਸੀ।

ਇਥੇ ਵੀ ਇੱਕ ਜੋਗੀ ਨੇ ਗੁਰੂ ਸਾਹਿਬ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਕਿ ਮਨ ਨੂੰ ਨਹੀ ਜਿੱਤਿਆ ਜਾ ਸਕਦਾ ਇਸ ਕਰਕੇ




ਸੁਰਤ ਮਨ ਦੇ ਮਗਰ ਮਗਰ ਚਲ ਕੇ ਹੀ ਉਨ੍ਹੰ (ਮਨ ਨੂੰ) ਸਾਧਿਆ ਜਾ ਸਕਦਾ ਹੈ। ਯਾਦ ਰਹੇ ਜੋਗੀ ਲੋਕ ਆਸਣ ਲਾ ਕੇ ਚੁੱਪ ਚਾਪ ਬਹਿ ਜਾਂਦੇ ਨੇ ਤੇ ਜਿੱਥੇ ਸੁਰਤ ਜਾਂਦੀ ਹੈ ਉਨ੍ਹੰ ਜਾਣ ਦਿੰਦੇ ਨੇ ਤੇ ਏਸੇ ਵਿਚ ਮਸਤ ਹੋਏ ਰਹਿੰਦੇ ਨੇ। ਗੁਰੂ ਸਾਹਿਬ ਦਾ ਉਪਦੇਸ਼ ਹੈ ਕਿ ਸੁਰਤ ਨੂੰ ਗਿਆਨ ਨਾਲ ਬੰਨਣਾ ਹੈ। ਮਤਲਬ ਜਿਵੇ ਮੰਨ ਵਿਚ ਕਾਮ ਦਾ ਵਿਚਾਰ ਆਏ ਤਾਂ ਸਮਝਣਾ ਹੁੰਦਾ ਕਿ ਭਈ ਇਹ ਤਾਂ ਕੁਦਰਤੀ ਵਰਤਾਰਾ ਸਾਨੂੰ ਕਾਮ ਵਲ ਪ੍ਰੇਰ ਰਿਹਾ ਹੈ ਤਾਂ ਕਿ ਉਤਪਤੀ ਜਾਂ ਪੈਦਾਵਾਰ ਹੋਵੇ। ਪਰ ਸੂਝਵਾਨ ਜਾਨਵਰ ਇਨਸਾਨ ਨੇ ਨਾਲ ਸਮਾਜਕ ਕਨੂੰਨ ਦਾ ਵੀ ਧਿਆਨ ਰੱਖਣਾ ਹੈ ਤੇ ਨਾਲੇ ਇਹ ਵੀ ਸੋਚਣਾ ਹੈ ਕਿ ਹਰ ਜਮੀਨ ਵਿਚ ਬੀਜ ਨਹੀ ਬੀਜਿਆ ਜਾ ਸਕਦਾ। ਬੇਗਾਨੀ ਜਮੀਨ ਵਿਚ ਵੜ੍ਹ ਕੇ ਕੁਪੱਤ ਜਾਂ ਕਲੇਸ਼ ਪੈਂਦਾ ਹੈ। ਗੁਰੂ ਸਾਹਿਬ ਨੇ ਇਥੇ ਇਹ ਸ਼ਬਦ ਉਚਾਰਿਆ:-

ਨਾ ਮਨੁ ਮਰੈ ਨ ਕਾਰਜੁ ਹੋਇ ॥ ਮਨੁ ਵਸਿ ਦੂਤਾ ਦੁਰਮਤਿ ਦੋਇ ॥ ਮਨੁ ਮਾਨੈ ਗੁਰ ਤੇ ਇਕੁ ਹੋਇ ॥੧॥ ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ ਬੀਚਾਰੇ ਸੋਇ ॥੧॥ ਰਹਾਉ ॥ ਮਨੁ ਭੂਲੋ ਬਹੁ ਚਿਤੈ ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥੨॥ ਮਨੁ ਭੂਲੋ ਮਾਇਆ ਘਰਿ ਜਾਇ ॥ ਕਾਮਿ ਬਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥ ਗੈਵਰ ਹੈਵਰ ਕੰਚਨ ਸੁਤ ਨਾਰੀ ॥ ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ ॥੪॥ ਸੰਪਉ ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥ ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥ ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥ ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥ ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥

ਇਥੇ ਲਗਾਤਾਰ ਸਿੱਖ ਸੰਗਤ ਚਲੀ ਆ ਰਹੀ ਹੈ। ਕਿਹਾ ਜਾਂਦਾ ਹੈ ਕਿ ਇਥੋਂ ਦੇ ਗੁਰਦੁਆਰਾ ਸਾਹਿਬ ਵਿਚ ਜਦੋ ਪ੍ਰੇਮ ਸ਼ਰਧਾ ਨਾਲ ਪਾਠ ਹੁੰਦਾ ਹੈ ਤਾਂ ਕੜਾਹ ਪ੍ਰਸਾਦ ਦੀ ਦੇਗ ਤੇ ਵਰਤਾਉਣ ਤੋਂ ਪਹਿਲਾਂ ਪੰਜੇ ਦਾ ਨਿਸ਼ਾਨ ਲੱਗ ਜਾਂਦਾ ਹੈ। ਇੰਟਰਨੈੱਟ ਤੇ ਕਈ ਬੱਚਿਆ ਨੇ ਇਸ ਪੰਜਾ ਲੱਗੇ ਪ੍ਰਸਾਦ ਦੀ ਫੋਟੋ ਪਾਈ ਹੋਈ ਹੈ।

ਇਥੇ ਇੱਕ ਹੋਰ ਚਮਤਕਾਰ ਵੀ ਵਾਪਰਿਆ। ਇਥੇ ਪੜਾਅ ਦੇ ਦੌਰਾਨ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਇਥੋਂ ਦੇ ਰਾਜੇ ਨੂੰ ਆਪਣੇ ਬੇੜੇ ਤੇ ਬੜਾ ਗਰਬ ਸੀ। ਸਾਹਿਬ ਨੇ ਨਰਬਦਾ ਦਰਿਆ ਪਾਰ ਕਰਨ ਵਾਸਤੇ ਰਾਜੇ ਦੀ ਬੇੜੀ ਵਰਤਣੀ ਚਾਹੀ ਤਾਂ ਰਾਜੇ ਨੇ ਬੜੇ ਨਖਰੇ ਦਿਖਾਏ ਤੇ ਆਪਣੀ ਤਾਕਤ ਦਾ ਵਿਖਾਵਾ ਕਰਨ ਵਾਸਤੇ ਨਜਾਇਜ ਵਕਤ ਲਿਆ। ਓਦੋਂ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਾ ਚਾਦਰ ਵਿਛਾਓ। ਚਾਦਰ ਵਿਛਾਈ ਗਈ। ਮਰਦਾਨਾ ਤੇ ਗੁਰੂ ਸਾਹਿਬ ਚਾਦਰ ਤੇ ਖਲੋਤੇ ਤੇ ਚਾਦਰ ਬੇੜੀ ਦੀ ਨਿਆਈ ਦਰਿਆ ਵਿਚ ਠੱਲੀ ਤੇ ਸਭ ਲੋਕਾਂ ਦੇ ਸਾਹਮਣੇ ਦਰਿਆ ਪਾਰ ਕਰ ਲਿਆ। ਫਿਰ ਵਾਹੋ ਦਾਹੀ ਰਾਜਾ ਗੁਰੂ ਸਾਹਿਬ ਦੇ ਮਗਰ ਆਇਆ ਤੇ ਨਿਮਾਣਾ ਬਣ ਕੇ ਅਰਜ ਕੀਤੀ ਤੇ ਭੁੱਲ ਬਖਸ਼ਵਾਈ। ਰਾਜੇ ਨੇ ਫਿਰ ਹੁਕਮ ਕਰਕੇ ਇੱਕ ਬੇੜੀ ਤੇ ਮਲਾਹ ਗੁਰੂ ਸਾਹਿਬ ਦੇ ਸਪੁਰਦ ਕਰ ਦਿੱਤੇ ਕਿ ਜਿੰਨਾ 'ਚ ਜਿੱਥੇ ਮਰਜੀ ਵਰਤੋ।

ਇਸ ਮੌਕੇ ਮਾਰੂ ਵਿਚ ਸ਼ਬਦ ਉਚਾਰਣ ਹੋਇਆ:

ਬਿਖੁ ਬੋਹਿਥਾ ਲਾਦਿਆ ਦੀਆ ਸਮੁੰਦ ਮੰਝਾਰਿ ॥ ਕੰਧੀ ਦਿਸਿ ਨ ਆਵਈ ਨਾ ਉਰਵਾਰੁ ਨ ਪਾਰੁ ॥ ਵੰਝੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ ॥੧॥ ਬਾਬਾ ਜਗੁ ਫਾਥਾ ਮਹਾ ਜਾਲਿ ॥ ਗੁਰ ਪਰਸਾਦੀ ਉਬਰੇ ਸਚਾ ਨਾਮੁ ਸਮਾਲਿ ॥੧॥ ਰਹਾਉ ॥ ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ ॥ ਤਿਥੈ ਪਵਣੁ ਨ ਪਾਵਕੋ ਨਾ ਜਲੁ ਨਾ ਆਕਾਰੁ ॥ ਤਿਥੈ ਸਚਾ ਸਚਿ ਨਾਇ ਭਵਜਲ ਤਾਰਣਹਾਰੁ ॥੨॥ ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ ॥ ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ ॥ ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ ॥੩॥ ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ ॥ ਪੂਰਬਿ ਲਿਖਿਆ ਪਾਈਐ ਕਿਸ ਨੋ ਦੀਜੈ ਦੋਸੁ ॥ ਗੁਰਮੁਖਿ ਗਾਰੜੁ ਜੇ ਸੁਣੇ ਮੰਨੇ ਨਾਉ ਸੰਤੋਸੁ ॥੪॥ ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ ॥ ਦੁਰਮਤਿ ਫਾਥਾ ਫਾਹੀਐ ਫਿਰਿ ਫਿਰਿ ਪਛੋਤਾਇ ॥ ਜੰਮਣ ਮਰਣੁ ਨ ਸੁਝਈ ਕਿਰਤੁ ਨ ਮੇਟਿਆ ਜਾਇ ॥੫॥ ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥ ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥ ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥ ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥ ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥ ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥੭॥ ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ ॥ ਸਚੁ ਚੁਗੈ ਅੰਮ੍ਰਿਤੁ ਪੀਐ ਉਡੈ ਤ ਏਕਾ ਵਾਰ ॥ ਗੁਰਿ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ ॥੮

-----◈-----

## ਸਾਹਿਬ ਤ੍ਰਿੰਬਕੇਸ਼ਵਰ ਮੰਦਰ (ਨਾਸਕ) ਪਹੁੰਚੇ

ਏਸੇ ਬੇੜੀ ਰਾਂਹੀ ਫਿਰ 250 ਕਿਲੋਮੀਟਰ ਦਾ ਸਮੁੰਦਰੀ ਸਫਰ ਕਰਕੇ ਗੁਰੂ ਸਾਹਿਬ ਦਹਾਨੂੰ ਪਹੁੰਚੇ ਤਾਂ ਕਿ ਅੱਗੇ ਜਮੀਨੀ ਰਸਤੇ ਨਾਸਿਕ ਲਾਗੇ ਤ੍ਰਿੰਬਕ ਪਹੁੰਚਿਆ ਜਾਏ। ਸਮੁੰਦਰੀ ਦਹਾਨੂੰ ਤੋਂ ਤ੍ਰਿੰਬਕ 85 ਕਿਲੋਮੀਟਰ ਹੈ। ਤ੍ਰਿੰਬਕ ਵਿਖੇ ਵੀ ਹਿੰਦੂਮਤ ਦੇ 12 ਜੋਤੀਲਿੰਗਾਂ ਵਿਚੋਂ ਇੱਕ ਤ੍ਰਿੰਬਕੇਸ਼ਵਰ ਮੰਦਰ ਹੈ। ਦਿਲਚਸਪ ਗਲ ਇਹ ਹੈ ਕਿ ਜੋਤੀਲਿੰਗ ਇਥੇ ਹੋਣ ਦੇ ਬਾਵਜੂਦ ਕੁੰਭ ਮੇਲਾ ਇਥੋਂ 30 ਕਿਲੋਮੀਟਰ ਹਟਵਾਂ ਨਾਸਕ ਵਿਚ ਲੱਗਦਾ ਹੈ। ਗੁਰੂ ਸਾਹਿਬ ਦੇ ਇਸ ਇਲਾਕੇ ਵਿਚ ਆਉਣ ਤੋਂ ਸਾਲ ਕੁ ਪਹਿਲਾਂ ਹੀ ਨਾਸਕ ਮਹਾਂਕੁੰਭ ਲੱਗਾ ਸੀ। ਇਥੋਂ ਹੀ ਗੋਦਾਵਰੀ ਦਰਿਆ ਨਿਕਲਦਾ ਹੈ ਜੋ ਕਿ ਭਾਰਤੀ ਉਪ ਮਹਾਂਦੀਪ ਦਾ ਤੀਸਰਾ ਸਭ ਤੋਂ ਲੰਮਾ ਦਰਿਆ ਹੈ ਜੋ ਨਿਕਲਦਾ ਤਾਂ ਅਰਬ ਸਾਗਰ ਵਾਲੇ ਪਾਸਿਓ ਪਰ ਉਲਟਾ ਚੜ੍ਹਦੇ ਪਾਸੇ ਜਾ ਕੇ ਬੰਗਾਲ ਦੀ ਖਾੜੀ ਸਮੁੰਦਰ ਵਿਚ ਡਿਗਦਾ ਹੈ। ਪੇਹੋਵਾ, ਹਰਦੁਆਰ ਗਇਆ ਵਾਗੂ ਇਥੇ ਵੀ ਬਜੁਰਗਾਂ ਦੇ ਅਖੋਤੀ ਭਲੇ ਲਈ ਪਿੰਡ ਦਾਨ ਕੀਤੇ ਜਾਂਦੇ ਹਨ ਤੇ ਸਰਾਧਾਂ ਦੀ ਰਸਮ ਅਦਾ ਕੀਤੀ ਜਾਂਦੀ ਹੈ। ਕੁਦਰਤੀ ਹੈ ਕਿ ਜੋ ਉਪਦੇਸ਼ ਗੁਰੂ ਸਾਹਿਬ ਨੇ ਹਰਦੁਆਰ ਆਦਿ ਵਿਚ ਦਿੱਤੇ ਸਨ ਇਥੇ ਵੀ ਦੂਹਰਾਏ ਹੋਣਗੇ। ਖਿਆਲ ਕੀਤਾ ਜਾਂਦਾ ਹੈ ਕਿ ਇਸ ਮੰਦਰ ਵਿਚ ਜੋ ਕੀਰਤਨ ਦੀ ਪ੍ਰਥਾ ਹੈ ਉਹ ਗੁਰੂ ਨਾਨਕ ਦੇ ਆਗਮਨ ਕਰਕੇ ਹੀ ਹੋਈ ਹੋਵੇ। ਸਾਹਿਬ ਨੇ ਜਦੋਂ ਇਥੇ ਮਰਦਾਨੇ

ਪੈੜ ਸਫਾ

ਗਿਆਨੀ ਨੇ ਗੁਰੂ ਸਾਹਿਬ ਦਾ ਡਾਕੋਰ ਜਾਣਾ ਵੀ ਲਿਖਿਆ ਹੈ। ਇਥੇ ਭਗਵਾਨ ਕ੍ਰਿਸ਼ਨ ਦਾ ਰਣਛੋਡ ਰੂਪ ਦਾ ਮੰਦਰ ਹੈ। ਸਾਨੂੰ ਨਹੀ ਲੱਗਦਾ ਕਿ ਗੁਰੂ ਸਾਹਿਬ ਓਥੇ ਗਏ ਹੋਣ। ਕਿਉਕਿ ਗੁਰੂ ਸਾਹਿਬ ਦੇ ਵਕਤ ਡਕੋਰ ਪਿੰਡ ਦੀ ਜਿਆਦਾ ਮਹੱਤਤਾ ਨਹੀ ਸੀ।

ਫਿਰ ਲਿਖਿਆ ਹੈ ਵੜੋਦਰਾ (ਬੜੋਦਾ) ਤੋਂ ਗੁਰੂ ਸਾਹਿਬ ਪਹਾੜ ਪਾਸੇ 230 ਕਿਲੋਮੀਟਰ ਦੂਰ ਸਿੱਧਪੁਰ ਗਏ ਤੇ ਫਿਰ ਵਾਪਸ ਓਥੇ ਹੀ ਭਾਵ ਖੰਬਾਤ ਦੀ ਖਾੜੀ ਆਏ। ਸਾਨੂੰ ਅਜਿਹਾ ਨਹੀ ਲਗਦਾ ਕਿਉਕਿ ਆਪਾਂ ਵੇਖ ਰਹੇ ਹਾਂ ਗੁਰੂ ਸਾਹਿਬ ਤੱਟ ਦੇ ਨਾਲ ਨਾਲ ਸ੍ਰੀ ਲੰਕਾ ਨੂੰ ਵਧਦੇ ਜਾ ਰਹੇ ਹਨ। ਓਨਾਂ ਦੀ ਕੋਸ਼ਿਸ਼ ਹੈ ਕਿ ਪੜਾਅ ਸਿਰਫ ਰਾਜਧਾਨੀਆਂ ਜਾਂ ਧਾਰਮਿਕ ਕੇਂਦਰਾਂ ਤੇ ਕੀਤਾ ਜਾਵੇ। ਫਿਰ ਵੀ ਮਜਮੂਨ ਖੋਜ ਦੀ ਮੰਗ ਕਰਦਾ ਹੈ। ਇਹ ਵੀ ਹੋ ਸਕਦਾ ਕਿ ਵਾਪਸੀ ਮੌਕੇ ਓਧਰ ਵੀ ਗੇੜਾ ਮਾਰਿਆ ਹੋਵੇ।



ਨਾਸਿਕ ਦਾ ਤ੍ਰਿੰਬਕੇਸ਼ਵਰ ਮੰਦਰ

ਦੀ ਸੰਗਤ ਵਿਚ ਜਦੋਂ ਰਾਮਕਲੀ ਰਾਗ ਛੇੜ ਕੀਰਤਨ ਵਖਿਆਨ ਕੀਤਾ ਤਾਂ ਸਭ ਸਾਧੂ ਸੰਤ ਧੰਨ ਗੁਰੂ ਨਾਨਕ, ਧੰਨ ਰਿਸ਼ੀ ਨਾਨਕ ਕਰ ਉਠੇ।

ਰਾਮਕਲੀ ਮਹਲਾ ੧ ॥ ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥ ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥ ਰਾਮ ਨਾਮ ਸਰਿ ਅਵਰੁ ਨ ਪੂਜੈ ॥੧॥ ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥ ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ ॥੧॥ ਰਹਾਉ ॥ ਵਾਦੁ ਪੜੈ ਰਾਗੀ ਜਗੁ ਭੀਜੈ ॥ ਤ੍ਰੈ ਗੁਣ ਬਿਖਿਆ ਜਨਮਿ ਮਰੀਜੈ ॥ ਰਾਮ ਨਾਮ ਬਿਨੁ ਦੂਖੁ ਸਹੀਜੈ ॥੨॥ ਚਾੜਸਿ ਪਵਨੁ ਸਿੰਘਾਸਨੁ ਭੀਜੈ ॥ ਨਿਉਲੀ ਕਰਮ ਖਟੁ ਕਰਮ ਕਰੀਜੈ ॥ ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ ॥੩॥ ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥ ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥ ਅੰਤਰਿ ਮੈਲੁ ਤੀਰਥ ਭਰਮੀਜੈ ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥ ਕਿਰਤੁ ਪਇਆ ਦੋਸੁ ਕਾ ਕਉ ਦੀਜੈ ॥੫॥ ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥ ਮਨਮੁਖਿ ਜਨਮੈ ਜਨਮਿ ਮਰੀਜੈ ॥੬॥ ਸਤਿਗੁਰ ਪੂਛਿ ਸੰਗਤਿ ਜਨ ਕੀਜੈ ॥ ਮਨੁ ਹਰਿ ਰਾਚੈ ਨਹੀ ਜਨਮਿ ਮਰੀਜੈ ॥ ਰਾਮ ਨਾਮ ਬਿਨੁ ਕਿਆ ਕਰਮੁ ਕੀਜੈ ॥੭॥ ਊਂਦਰ ਦੂੰਦਰ ਪਾਸਿ ਧਰੀਜੈ ॥ ਧੁਰ ਕੀ ਸੇਵਾ ਰਾਮੁ ਰਵੀਜੈ ॥ ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ ॥੮॥੫॥

ਇਥੋਂ ਦੀ ਮੂਲ ਕਹਾਣੀ ਇਹ ਹੈ ਕਿ ਇੱਕ ਵਾਰੀ ਇਸ ਇਲਾਕੇ ਵਿਚ ਸੋਕਾ ਪੈਣ ਕਾਰਨ ਕਾਲ ਪੈ ਗਿਆ। ਗੌਤਮ ਰਿਸ਼ੀ ਦਾ ਆਸ਼ਰਮ ਇਸੇ ਥਾਂ ਤੇ ਸੀ। ਪਰ ਗੌਤਮ ਦੇ ਇਲਾਕੇ ਵਿਚ ਮੀਂਹ ਪੈ ਜਾਂਦਾ ਸੀ ਜਿਸ ਕਾਰਨ ਫਸਲ ਹੋ ਜਾਂਦੀ ਸੀ ਤੇ ਗੌਤਮ ਰਿਸ਼ੀ ਨੇ ਸਾਧੂਆਂ ਦੇ ਭੋਜਨ ਲਈ ਇੰਤਜਾਮ ਕਰ ਰੱਖਿਆ ਸੀ। ਇੱਕ ਵੇਰਾ ਇੱਕ ਮਰੀਅਲ ਜਿਹੀ ਗਾਂ ਗੌਤਮ ਦੇ ਖੇਤ ਨੂੰ ਪੈ ਗਈ। ਗੌਤਮ ਨੇ ਡਾਂਗ ਮਾਰੀ ਜਿਸ ਕਾਰਨ ਗਾਂ ਮਰ ਗਈ। ਸਾਧੂ ਸੰਤ ਗੌਤਮ ਦੇ ਖਿਲਾਫ ਹੋ ਗਏ ਤੇ ਸਰਾਪ ਦੇ ਗਏ। ਜਿਸ ਉਪਰੰਤ ਗੌਤਮ ਨੇ ਘੋਰ ਤਪੱਸਿਆ ਕੀਤੀ ਤੇ ਸ਼ਿਵ ਜੀ ਪ੍ਰਗਟ ਹੋ ਗਏ ਤੇ ਤ੍ਰਿੰਬਕੇਸ਼ਵਰ ਬਣ ਗਿਆ। ਸ਼ਿਵ ਜੀ ਨੇ ਆਪਣੇ ਗਿੱਲੇ ਗਿੱਲੇ ਕੇਸ ਝਾੜੇ ਤਾਂ ਗੋਦਾਵਰੀ ਉਤਪੰਨ ਹੋ ਗਈ।

ਜਿਵੇ ਦੱਸਿਆ ਹੈ ਕਿ ਕੁੰਭ ਮੇਲਾ ਤ੍ਰਿੰਬਕ ਦੀ ਜਗਾ ਨਾਸਕ ਲੱਗਦਾ ਹੈ। ਨਾਸਕ ਦਾ ਵੀ ਹਜਾਰਾਂ ਸਾਲ ਪੁਰਾਣਾ ਇਤਹਾਸ। ਹਿੰਦੂ ਮਿਥਹਾਸ ਅਨੁਸਾਰ ਰਾਮ ਭਗਵਾਨ ਦੇ ਭਰਾ ਲਛਮਣ ਨੇ ਇਥੇ ਹੀ ਰਾਵਣ ਦੀ ਭੈਣ ਸਰੂਪਨਖਾ ਦਾ ਨੱਕ (ਨਾਸਿਕਾ) ਵੱਢਿਆ ਸੀ। ਜਿਸ ਕਰਕੇ ਇਸ ਸ਼ਹਿਰ ਦਾ ਨਾਂ ਨਾਸਿਕ ਹੈ।

ਕੁਦਰਤੀ ਹੈ ਸਾਹਿਬ ਨੇ ਇਥੇ ਪੰਡਿਆਂ ਨੂੰ ਪਿੰਡ ਦਾਨ ਜਿਹੀਆਂ ਫਾਲਤੂ ਰਸਮਾਂ ਦਾ ਤਿਆਗ, ਧਰਮ ਦੀ ਕਿਰਤ ਤੇ ਨਿਰੰਕਾਰ ਦੀ ਉਪਾਸ਼ਨਾ ਕਰਨ ਲਈ ਪ੍ਰੇਰਿਆ।

----◈----

## ਭੀਮਾਸ਼ੰਕਰ –ਜਿਥੇ ਸ਼ਿਵ ਜੀ ਨੇ ਆਪਣਾ ਭਗਤ ਹੀ ਮਾਰ ਦਿਤਾ ਕਿਉਂਕਿ ਉਹ ਅਸੁਰ ਸੀ ਤੇ ਬ੍ਰਾਹਮਣਾਂ ਨੂੰ ਦੁੱਖ ਦਿੰਦਾ ਸੀ

ਨਾਸਿਕ ਤੋਂ 150 ਕਿਲੋਮੀਟਰ ਦਾ ਪੈਦਲ ਪੈਂਡਾ ਤਹਿ ਕਰਕੇ ਗੁਰੂ ਸਾਹਿਬ ਭੀਮਸ਼ੰਕਰ ਪਹੁੰਚੇ। ਭੀਮਾਸ਼ੰਕਰ ਵੀ ਹਿੰਦੂਮਤ ਦੇ 12 ਜੋਤੀਲਿੰਗਾਂ ਵਿਚੋਂ ਇੱਕ ਹੈ। ਲੰਕਾ ਦੇ ਕੁੰਭਕਰਨ ਦੇ ਮਾਰੇ ਜਾਣ ਬਾਦ ਉਹਦੀ ਰਾਣੀ ਕਾਰਕਤੀ ਇਥੇ ਸੰਙਣੇ ਜੰਗਲਾਂ ਵਿਚ ਰਹਿ ਕੇ ਜੀਵਨ ਬਤੀਤ ਕਰ ਰਹੀ ਸੀ। ਉਹਦਾ ਮੁੰਡਾ ਭੀਮਾ ਜਦੋਂ ਜਵਾਨ ਹੋਇਆ ਤਾਂ ਮਾਂ ਕੋਲੋ ਪੁੱਛਦਾ ਕਿ ਮਾਂ ਮੇਰਾ ਪਿਓ ਕੌਣ ਹੈ? ਸਾਨੂੰ ਕਿਓ ਜੰਗਲਾਂ ਵਿਚ ਰਹਿਣਾ ਪੈ ਰਿਹਾ ਹੈ? ਮਾਂ ਨੇ ਰਮਾਇਣ ਵਾਲੀ ਸਾਰੀ ਕਹਾਣੀ ਦੱਸੀ। ਭੀਮਾ ਕਹਿੰਦਾ ਇਹਦਾ ਮਤਲਬ ਵਿਸ਼ਨੂੰ ਕਰਕੇ ਸਾਨੂੰ ਦੁੱਖ ਝਲਣੇ ਪੈ ਰਹੇ ਨੇ। ਓਹਨੇ ਭਗਵਾਨ ਸ਼ਿਵ ਦੀ ਅਰਾਧਨਾ ਕੀਤੀ ਤੇ ਵਰ ਲੈ ਲਏ। ਫਿਰ ਵਿਸ਼ਨੂੰ ਖਿਲਾਫ ਯੁੱਧ ਛੇੜ ਦਿੱਤਾ। ਦੇਵਤੇ ਉਹਦੇ ਕੋਲੋ ਹਾਰ ਰਹੇ ਸਨ। ਅਖੇ ਭੀਮਾ ਸਾਧੂ ਸੰਤਾਂ ਨੂੰ ਵੀ ਦੁੱਖ ਦਿੰਦਾ ਸੀ। ਇਸ ਕਰਕੇ ਸਾਰੇ ਦੇਵਤਿਆਂ ਨੇ ਭਗਵਾਨ ਸ਼ਿਵ ਅਗੇ ਅਰਦਾਸਾਂ ਕੀਤੀਆਂ ਕਿ ਸਾਨੂੰ ਭੀਮੇ ਰਾਖਸ ਕੋਲੋ ਬਚਾਓ। ਸ਼ਿਵ ਜੀ ਪ੍ਰਗਟ ਹੋਏ (ਲਿੰਗ ਦੇ ਰੂਪ ਵਿਚ) ਤੇ ਓਨਾਂ ਭੀਮੇ ਨੂੰ ਭਸਮ ਕਰ ਦਿੱਤਾ। ਜਿੱਥੇ ਸ਼ਿਵ ਜੀ ਦਾ ਮੁੜਕਾ ਡਿੱਗਾ ਓਥੋ ਭੀਮਾ ਦਰਿਆ ਨਿਕਲ ਤੁਰਿਆ। (ਕੁਝ ਇਹੋ ਜਿਹੀਆਂ ਕਹਾਣੀਆਂ ਹੀ ਹਨ, ਪੰਡਤਾਂ ਦੀਆਂ ਘੜੀਆਂ। ਦਰ ਅਸਲ ਇਸ ਜੰਗਲੀ ਰਮਣੀਕ ਜਗਾ ਤੋਂ ਭੀਮਾ ਦਰਿਆ ਨਿਕਲਦਾ ਹੈ ਜੋ ਸਾਧੂ ਸੰਤਾਂ ਦਾ ਟਿਕਾਣਾ ਬਣ ਗਇਆ ਸੀ। ਬਾਕੀ ਗਲ ਬਾਦ ਵਿਚ ਉਤਪਨ ਹੋਈਆਂ।)

ਤਵਾਰੀਖ ਖਾਲਸਾ ਦੇ ਲਿਖਾਰੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਭੀਮਾਸ਼ੰਕਰ ਪਹੁੰਚ ਕੇ ਲੋਕਾਂ ਨੂੰ ਕਿਰਤਾਂ ਦੀ ਪੂਜਾ, ਕਰਮ ਕਾਂਡਾਂ ਤੇ ਦੇਹੀ ਨੂੰ ਦੁੱਖ ਦੇਣ ਤੋਂ ਵਰਜ ਕੇ ਨਿਰੰਕਾਰ ਦੇ ਲੜ ਲਾਇਆ।

ਭੀਮਾਸ਼ੰਕਰ ਤੋਂ ਗੁਰੂ ਸਾਹਿਬ ਪੂਨੇ ਆਏ। ਓਥੇ ਯਾਦਗਾਰੀ ਗੁਰਦੁਆਰਾ ਵੀ ਮੌਜੂਦ ਹੈ। ਪੂਨੇ ਤੋਂ 135 ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਸਾਹਿਬ ਮਹਾਂਬਲੇਸ਼ਵਰ ਪਹੁੰਚੇ। ਜਿਵੇ ਗੋਦਾਵਰੀ ਦੇ ਨਿਕਲਣ ਸੋਮੇ (ਮੂਲ ਚਸ਼ਮੇ) ਤੇ ਤ੍ਰਿੰਬਕ ਮੰਦਰ ਹੈ ਏਸੇ ਤਰਾਂ ਕ੍ਰਿਸ਼ਨਾ ਦਰਿਆ ਦੇ ਨਿਕਲਣ ਵਾਲੇ ਸਥਾਨ ਤੇ ਮਹਾਂਬਲੇਸ਼ਵਰ ਮੰਦਰ ਹੈ। ਇਸ ਰਮਣੀਕ ਸਥਾਨ ਤੇ ਵੀ ਸਾਧਾਂ ਸੰਤਾਂ ਦੀ ਰੌਣਕ ਰਹਿੰਦੀ ਸੀ। ਇਥੋਂ ਦੇ ਪੰਡੇ ਹੌਲੀ ਹੌਲੀ ਇੰਨੇ ਤਾਕਤਵਰ ਹੋ ਗਏ ਕਿ ਓਨਾਂ ਨੇ ਆਪਣੀ ਰਿਆਸਤ ਹੀ ਖੜੀ ਕਰ ਲਈ ਸੀ। ਗੁਰੂ ਸਾਹਿਬ ਜਦੋਂ ਓਧਰ ਦੀ ਲੰਘੇ ਸਨ ਤਾਂ ਰਾਜ ਇਨਾਂ ਪੁਜਾਰੀਆਂ ਦਾ ਹੀ ਸੀ। ਕਿਉਕਿ ਲੱਗਪਗ ਰਸਤੇ 'ਚ ਪੈਦਾ ਸੀ ਅੰਦਾਜ਼ਾ ਹੈ ਗੁਰੂ ਸਾਹਿਬ ਇਥੇ ਆਏ ਹੋਣਗੇ।

ਇਥੋਂ ਮਹਾਂਬਲੇਸ਼ਵਰ ਤੋਂ ਫਿਰ ਸਾਹਿਬ ਹਰੀ-ਹਰ-ਈਸ਼ਵਰ ਬੰਦਰ ਪਹੁੰਚੇ ਤੇ ਓਥੋਂ ਸਮੁੰਦਰੀ ਬੇੜੇ ਰਾਂਹੀ ਰਤਨਾਗਿਰੀ ਜਾਂ ਫਿਰ ਰਾਜਾਪੁਰ ਪਹੁੰਚੇ। ਵਿਦਵਾਨ ਲੋਕ ਅੰਦਾਜਾ ਲਾਉਦੇ ਹਨ

**ਭੀਮਾਸ਼ੰਕਰ**





ਭੀਮਾ ਸ਼ੰਕਰ ਤੋਂ ਅੱਗੇ ਚਲਦਿਆਂ ਜਿਥੇ ਅੱਜ ਪੂਨਾ ਦੀ ਰਾਮ ਟੇਕੜੀ ਹੈ ਇਥੇ ਯਾਤਰੂਆ ਲਈ ਕੋਈ ਪੜਾਅ ਹੁੰਦਾ ਸੀ। ਗੁਰੂ ਸਾਹਿਬ ਇਥੇ ਕੁਝ ਦੇਰ ਰੁਕੇ। ਲਾਗੇ ਕੋਈ ਜੋਗੀ ਮੱਠ ਵੀ ਸੀ। ਗੁਰਸਿੱਖਾਂ ਨੇ ਓਥੇ ਮੌਜੂਦ ਖੂਹ ਤੇ ਗੁਰਦੁਆਰਾ ਸਾਹਿਬ ਉਸਾਰਿਆ ਹੋਇਆ ਹੈ: ਗੁਰਦੁਆਰਾ ਗੁਰੂ ਨਾਨਕ ਦਰਬਾਰ ਪੂਨਾ।

ਕਿ ਗੁਰੂ ਸਾਹਿਬ ਗੋਆ ਆਦਿ ਸ਼ਹਿਰਾਂ ਵਿਚ ਪੜਾਂ ਕਰਦੇ ਹੋਏ ਕਰਨਾਟਕ ਦੀ ਬੰਦਰਗਾਹ ਸ਼ਹਿਰ ਭਟਕਲ ਵਿਖੇ ਜੈਨੀਆਂ ਨੂੰ ਰਾਹੇ ਪਾਉਂਦੇ ਹੋਏ ਉਡੁਪੀ ਹੁੰਦੇ ਹੋਏ ਸ਼੍ਰਿੰਗੇਰੀ ਪਹੁੰਚੇ।

----◈----

**'ਆਤਮਾ ਹੀ ਪ੍ਰਮਾਤਮਾ' ਸਿਧਾਂਤ ਦਾ ਖੰਡਣ**

## ਬਹੁਤ ਬਾਣੀ ਰਚੀ ਸ਼੍ਰਿੰਗੇਰੀ ਵਿਚ

ਹਿੰਦੂਮਤ ਦੇ ਥੰਮ ਆਦੀ ਸ਼ੰਕਰਾਚਾਰੀਆ ਦੇ ਸਥਾਪਤ ਕੀਤੇ ਦੱਖਣੀ ਮੱਠ ਵਿਖੇ ਲੱਗਦਾ ਗੁਰੂ ਸਾਹਿਬ ਨੇ ਕਿੰਨੀ ਹੀ ਬਾਣੀ ਰਚੀ। ਯਾਦ ਰਹੇ ਇਹ ਮੰਨਿਆ ਜਾਂਦਾ ਹੈ ਕਿ ਸ਼ੰਕਰਾਚਾਰੀਆ ਨੇ ਹੀ ਹਿੰਦੁਸਤਾਨ ਵਿਚੋਂ ਬੁੱਧਮਤ ਦਾ ਭੋਗ ਪਾਉਣ ਦੀ ਲਹਿਰ ਅਰੰਭੀ ਸੀ। ਆਦਿ ਸ਼ੰਕਰਾ ਨੇ ਇਸ ਕੰਮ ਲਈ ਹਿੰਸਾ ਅਤੇ ਮਾਰਧਾੜ ਦੇ ਸਿਧਾਂਤ ਦੀ ਵੀ ਖੁੱਲ ਕੇ ਵਰਤੋਂ ਵੀ ਕੀਤੀ। ਇਸ ਨੇ ਹਿੰਦੂਮਤ ਦੀ ਡੱਟ ਕੇ ਵਕਾਲਤ ਕੀਤੀ ਹੈ ਤੇ ਅਨੇਕਾਂ ਗ੍ਰੰਥ ਰਚੇ ਹਨ। ਜਿਵੇ ਸੰਨਿਆਸ ਨੂੰ ਠੀਕ ਸਾਬਤ ਕਰਨਾ, ਮੂਰਤੀ ਪੂਜਾ, ਅਵਤਾਰਵਾਦ ਆਦਿ। ਸਿਧਾਂਤਕ ਤੌਰ ਤੇ ਗੁਰੂ ਸਾਹਿਬ ਨੇ ਇਨਾਂ ਸਿਧਾਂਤਾਂ ਦਾ ਖੰਡਨ ਕੀਤਾ ਹੈ। ਫਿਰ ਇਹ ਨਿਰੰਕਾਰ ਨੂੰ ਨਿਰਗੁਣ ਸਰੂਪ ਮੰਨਦੇ ਹਨ ਤੇ ਆਤਮਾ ਹੀ ਪ੍ਰਮਾਤਮਾ ਦੇ ਸਿਧਾਂਤ ਤੇ ਚਲਦੇ ਹਨ। ਇਹਨਾਂ ਦੇ ਚਾਰ ਪੰਜ ਬੜੇ ਮਸ਼ਹੂਰ ਵਾਕ ਨੇ ਜੋ ਅਕਸਰ ਬੋਲਦੇ ਨੇ:

1. ਪ੍ਰਜਨਾਨਮ ਬ੍ਰਹੱਮਾ
2. ਅਹਮ ਬ੍ਰਹਮਾਸਮੀ (ਮੈਂ ਹੀ ਬ੍ਰਹਮਾ ਭਾਵ ਰੱਬ ਹਾਂ)
3. ਤੱਤਵਮਸੀ (ਤੂੰ ਵੀ ਹੈਗਾ)
4. ਅਇਮਾਤਮਾ ਬ੍ਰਹਮਾ (ਭਾਵ ਆਤਮਾ ਹੀ ਰੱਬ ਹੈ)

ਇਹਨਾਂ ਨਾਲ ਗਲ ਕਰੋ ਤਾਂ ਗਲ ਨੂੰ ਬੜੀ ਡੂੰਘਾਈ ਤਕ ਖਿੱਚੀ ਜਾਂਦੇ ਨੇ। ਅਖੇ ਜੀ ਇਹ ਸ਼ਾਸਤਰ ਹੈ ਭਾਵ ਫਿਲਾਸਫੀ ਹੈ। ਅਖੇ ਇਹੋ ਵੇਦਾਂ ਦੀ ਵਿਚਾਰਧਾਰਾ ਦੀ ਵਿਆਖਿਆ ਹੈ। ਗੁਰੂ ਸਾਹਿਬ ਨੇ ਇਹੋ ਜਿਹੀਆਂ ਗੱਲਾਂ ਨੂੰ ਝੰਝਟ ਦੱਸਿਆ ਤੇ ਸਿੱਧੀ ਸਾਦੀ ਗਲ ਕੀਤੀ ਕਿ ਬੰਦਾ ਇਨਾਂ ਵਿਚਾਰਾਂ ਦੇ ਜੰਜਾਲਾਂ ਵਿਚ ਪੈਣ ਦੀ ਥਾ



ਆਦੀ ਸ਼ੰਕਰਾਚਾਰੀਆ। ਇਤਹਾਸਕਾਰ ਮੰਨਦੇ ਹਨ ਕਿ ਭਾਰਤ ਵਿਚੋਂ ਬੁੱਧ ਧਰਮ ਦਾ ਸਫਾਇਆਂ ਕਰਨ ਲਈ ਇਸ ਨੇ ਹਥਿਆਰਬੰਦ ਸੰਘਰਸ ਵੀ ਕੀਤਾ।

ਸਿੱਧਾ ਆਪਣੀ ਹਉਮੈ ਤਿਆਗੇ:

ਛੋਡਹੁ ਪ੍ਰਾਣੀ ਕੂੜ ਕਬਾੜਾ ॥ ਕੂੜੁ ਮਾਰੇ ਕਾਲੁ ਉਛਾਹਾੜਾ ॥ ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ ॥੬॥ ਛੋਡਿਹੁ ਨਿੰਦਾ ਤਾਤਿ ਪਰਾਈ ॥ ਪੜਿ ਪੜਿ ਦਝਹਿ ਸਾਤਿ ਨ ਆਈ ॥ ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ ॥੭॥ ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥ ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥੮॥ ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ ॥ ਤਿਥੈ ਅਵਰੁ ਨ ਕੋਈ ਜੀਉ ਇਕੇਲਾ॥ ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ ॥

ਮਾਰੂ ਰਾਗ ਵਿਚ ਬਹੁਤ ਸਾਰੀ ਬਾਣੀ ਇਹਨਾਂ ਅਖੌਤੀ ਬ੍ਰਹਾਮਣ ਫਿਲਾਸਫਰਾਂ ਬਾਬਤ ਰਚੀ ਹੋਈ ਹੈ।

ਜਦੋਂ ਕਿ ਗੁਰੂ ਸਾਹਿਬ ਨੇ ਰੱਬ ਨੂੰ ਨਿਰੰਕਾਰ (ਨਿਰਗੁਣ) ਤੇ ਅਕਾਲਪੁਰਖ (ਸਰਗੁਣ) ਸਰੂਪ ਦੋਵੇ ਮੰਨੇ ਹਨ। ਸਿੱਖੀ ਦਾ ਨਿਰੰਕਾਰ ਬੜਾ ਦਿਆਲੂ ਕਿਰਪਾਲੂ ਵੀ ਹੈ। ਸ਼ੰਕਰਾਚਾਰੀਆ ਵਿਚਾਰਧਾਰਾ ਸ੍ਰਿਸਟੀ ਨੂੰ ਮਿਥਿਆ (ਸਭ ਝੂਠ) ਮੰਨਦੀ ਹੈ, ਉਨਾਂ ਦਾ ਕਹਿਣਾ ਹੈ ਕਿ ਇਹ ਕੁਝ ਇਸਤਰਾਂ ਹੈ ਜਿਵੇ ਅਸੀ ਹਨੇਰੇ ਵਿਚ ਰੱਸੀ ਨੂੰ ਸੱਪ ਸਮਝ ਬੈਠਦੇ ਹਨ। ਜਾਂ ਇਹ ਕਹਿ ਲਵੋ ਕਿ ਅਸੀ ਪ੍ਰਛਾਵੇ ਨੂੰ ਹੀ ਅਸਲ ਮੰਨੀ ਬੈਠੇ ਹਾਂ। ਗੁਰੂ ਸਾਹਿਬ ਨੇ ਇਸ ਸਿਧਾਂਤ ਦੀ ਡੱਟ ਕੇ ਖੰਡਣਾ ਕੀਤੀ ਤੇ ਕਿਹਾ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥ ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥

----◈----

## ਬਾਬਾ ਜਾ ਉਤਰਿਆ ਕੋਚੀਨ

ਖੈਰ ਗੁਰੂ ਸਾਹਿਬ ਸ਼੍ਰਿੰਗੇਰੀ ਤੋਂ ਉਡੁਪੀ ਤੇ ਮੈਂਗਲੋਰ ਪਹੁੰਚੇ। ਮੈਂਗਲੋਰ ਜਾਂ ਮੈਂਗਲੁਰੂ ਵੀ ਓਨੀ ਦਿਨੀ ਵੱਡੀ ਬੰਦਰਗਾਹ ਸੀ। 1506 ਈ ਵਿਚ ਇੱਕ ਇਟਾਲੀਅਨ ਯਾਤਰੂ (ਲੁਡਵੀਕੋ ਡੀ ਵਰਥੀਮਾ) ਜਦੋਂ ਇਥੇ ਆਇਆ ਤਾਂ ਕੀ ਵੇਖਦਾ ਹੈ ਕਿ ਚੌਲਾਂ ਦੇ ਭਰੇ 60 ਜਹਾਜ ਬੰਦਰਗਾਹ ਤੋਂ ਜਾਣ ਦੀ ਤਿਆਰੀ ਤੇ ਹਨ। ਕਹਿਣ ਤੋਂ ਮਤਲਬ ਗੁਰੂ ਸਾਹਿਬ ਇਥੇ ਵੀ ਕੁਝ ਚਿਰ ਪ੍ਰਚਾਰ ਲਈ ਰੁਕੇ ਸਨ।

ਮੈਂਗਲੁਰੂ ਤੋਂ ਸਾਹਿਬ 130 ਕਿਲੋਮੀਟਰ ਦੱਖਣ ਸਮੁੰਦਰੀ ਰਸਤੇ ਕਨਨੂਰ ਪਹੁੰਚੇ ਜੋ ਓਨੀ ਦਿਨੀ ਪ੍ਰਸਿਧ ਬੰਦਰਗਾਹ ਸੀ। ਇਥੇ ਗੁਰੂ ਸਾਹਿਬ ਮੁਲਕ ਦੇ ਰਾਜੇ ਨੂੰ ਜਾ ਮਿਲੇ ਤੇ ਆਪਣੇ ਨਵੇ ਧਾਰਮਿਕ ਸਿਧਾਂਤ ਬਾਰੇ ਵਾਕਫੀਅਤ ਦਿੱਤੀ।

ਫਿਰ ਓਥੋ ਕਨਨੂਰ ਤੋਂ 80 ਕਿਲੋਮੀਟਰ ਕੋਜ਼ੀਕੋਡ (ਕਾਲੀਕਟ) ਪਹੁੰਚੇ। ਓਦੋਂ ਇਥੇ ਪੁਰਤਗਾਲੀਆਂ ਦਾ ਰਾਜ (1511-1525ਈ) ਹੋ ਚੁੱਕਾ ਸੀ। ਕੋਜ਼ੀਕੋਡ ਦੁਨੀਆਂ ਭਰ ਵਿਚ ਮਸਾਲਿਆਂ ਦੀ ਰਾਜਧਾਨੀ ਵਜੋਂ ਮਸ਼ਹੂਰ ਹੋ ਚੁੱਕਾ ਸੀ। ਅਰਬ



ਆਦਿ ਸ਼ੰਕਰਾ ਦਾ ਸ਼੍ਰਿੰਗੇਰੀ ਮੱਠ

ਯੂਰਪ, ਰੂਸ ਆਦਿ ਸਭ ਦੇਸਾਂ ਤੋਂ ਵਪਾਰੀ ਇਥੇ ਢੁੱਕਦੇ ਸਨ। ਇਤਹਾਸ ਵਿਚ ਸਬੂਤ ਮਿਲਦੇ ਹਨ ਕਿ ਅਰਬ ਲੋਕ ਤਾਂ 7ਵੀ ਸਦੀ ਵਿਚ ਹੀ ਇਥੋਂ ਮਸਾਲੇ ਲੈ ਕੇ ਜਾਂਦੇ ਸਨ।

ਇਥੋਂ ਕੋਜੀਕੋਡ ਤੋਂ ਫਿਰ ਗੁਰੂ ਸਾਹਿਬ 150 ਕਿਲੋਮੀਟਰ ਦਾ ਸਮੁੰਦਰੀ ਸਫਰ ਕਰਕੇ ਕੋਚੀਨ (ਕੋਚੀ) ਪਹੁੰਚੇ। ਇਹ ਇਲਾਕਾ ਵੀ ਬਹੁਤ ਹੀ ਮਨਮੋਹਕ ਹੈ। ਇਸ ਇਲਾਕੇ ਵਿਚ ਸਮੁੰਦਰ ਪਿੱਛਾ ਮਾਰਦਾ ਹੈ। ਅਤੇ ਸਮੁੰਦਰੀ ਖਾਰੇ ਪਾਣੀ ਦੇ ਵੱਡੇ ਵੱਡੇ ਸ਼ੂਰੇ ਧੁਰ ਧਰਤੀ ਅੰਦਰ ਵੜੇ ਹੋਏ ਹਨ। ਪੜ ਕੇ ਹੈਰਾਨ ਹੋਵੋਗੇ ਕਿ ਕੇਰਲਾ ਪ੍ਰਾਤ ਦੇ ਕੁਲ ਰਕਬੇ ਦਾ 3% ਇਨਾਂ ਝੀਲਾਂ ਤਹਿਤ ਹੀ ਹੈ। ਬਹੁਤੀ ਥਾਂਈ ਖਾਰੇ ਪਾਣੀ ਨੂੰ ਦਰਿਆਈ ਪਾਣੀਆਂ ਤੋਂ ਵੱਖ ਵੀ ਰੱਖਣ ਦੀ ਕੋਸ਼ਿਸ਼ ਬੰਨ ਬਣਾ ਕੇ ਕੀਤੀ ਗਈ ਹੈ।

ਪੁਰਤਗਾਲੀ ਲੋਕ ਪਹਿਲਾਂ ਇਥੇ ਹੀ ਸੰਨ 1503 ਵਿਚ ਕਾਬਜ ਹੋਏ ਸਨ। ਵਕਤ ਨਾਲ ਇਹ ਫਿਰ ਅਰਬ ਸਾਗਰ ਦੀ ਸਭ ਤੋਂ ਵੱਡੀ ਬੰਦਰਗਾਹ ਬਣ ਗਈ। ਦੂਸਰੇ ਨੰਬਰ ਤੇ ਅੱਜ ਦੇ ਗੁਜਰਾਤ ਦੀ ਬੜੋਚ ਸੀ।

ਇਨਾਂ ਇਲਾਕਿਆਂ ਵਿਚ ਹੀ ਸਾਹਿਬ ਫਿਰ ਰਹੇ ਸਨ ਕਿ ਇੱਕ ਰਾਜੇ ਕੇਸ਼ਵ ਦਾਸ ਨਾਲ ਮੇਲ ਹੋਇਆ। ਜੋ ਗੁਰੂ ਸਾਹਿਬ ਦੀ ਵਿਚਾਰਧਾਰਾ ਦਾ ਕਾਇਲ ਹੋ ਗਿਆ। ਰਾਜੇ ਦੇ ਘਰ ਸੰਤਾਨ ਨਹੀ ਸੀ। ਮੰਤਰੀ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਕਿਸੇ ਤਰਾਂ ਰਾਜੇ ਦੀ ਅੰਸ ਵੀ ਚੱਲੇ। ਗੁਰੂ ਸਾਹਿਬ ਨੇ ਬਖਸ਼ਸ਼ ਕੀਤੀ ਤੇ ਬਾਦ ਵਿਚ ਰਾਜੇ ਦੇ ਘਰ ਦੋ ਮੁੰਡੇ ਤੇ ਲੜਕੀ ਹੋਈਆਂ ਸਨ। ਰਾਜੇ ਦਾ ਖਾਨਦਾਨ ਸ਼ਰਧਾਵਾਨ ਸਿੱਖ ਰਿਹਾ ਹੈ। ਇਸ ਖਾਨਦਾਨ ਵਿਚ ਪ੍ਰੰਪਰਾ ਰਹੀ ਸੀ ਕਿ ਜਦੋਂ ਕੜਾਹ ਪ੍ਰਸਾਦ ਕਰਦੇ ਸਨ ਵਰਤਾਉਣ ਤੋਂ ਪਹਿਲਾਂ ਕੜਾਹ ਤੇ ਪੰਜੇ ਦਾ ਨਿਸ਼ਾਨ ਆਇਆ ਕਰਦਾ ਸੀ। ਓਨਾ ਦਾ ਮੰਨਣਾ ਹੁੰਦਾ ਸੀ ਕਿ ਇਹ ਗੁਰੂ ਸਾਹਿਬ ਦੀ ਹੀ ਬਖਸ਼ਸ਼ ਸਦਕਾ ਹੈ। ਇਥੇ ਉਦਾਸੀ ਸੰਤ ਵਕਤ ਪਾ ਕੇ ਪਹੁੰਚ ਗਏ ਜੋ ਇਲਾਕੇ ਵਿਚ ਥੋੜਾ ਬਹੁਤਾ ਸਿੱਖੀ ਦਾ ਪ੍ਰਚਾਰ ਕਰਦੇ ਰਹੇ।

ਕੋਚੀ ਦੇ ਇਲਾਕੇ ਵਿਚ ਓਨੀ ਦਿਨੀ ਸ਼ਰਧਾਵਾਨ ਲੋਕ ਸ਼ਿਵਲਿੰਗ ਗਲਾਂ ਵਿਚ ਪਾਈ ਰੱਖਦੇ ਸਨ। ਗੁਰੂ ਜੀ ਨੇ ਓਨਾਂ ਨੂੰ ਵਿਅੱਰਥ ਦੇ ਕਰਮ ਕਾਡਾਂ ਤੋਂ ਮੁਕਤ ਕਰਕੇ ਨਿਰੰਕਾਰ ਅਕਾਲਪੁਰਖ ਦਾ ਗਿਆਨ ਕਰਵਾਇਆ ਤੇ ਸਤਿਨਾਮ ਵਾਹਿਗੁਰੂ ਮੰਤਰ ਦੀ ਦਾਤ ਬਖਸ਼ੀ। ਮਰਦਾਨਾ ਵੀ ਆਪਣੇ ਰੰਗ ਵਿਚ ਆ ਗਇਆ ਤੇ ਸ਼ਬਦ ਗਾਵਿਆ:

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥ ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥ ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥ ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ ਰਹਾਉ ॥ ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥ ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥੨॥ ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥ ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥ ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥

----◈----

## ਜਦੋਂ ਗੁਰੂ ਸਾਹਿਬ ਪੱਬਣ (ਕਮਲ ਫੁਲ) ਨੂੰ ਵੇਖ ਵਿਸਮਾਦ ਵਿਚ ਆਏ

ਕੇਰਲ ਤੇ ਤਮਿਲ ਨਾਡੂ ਵਿਚ ਸੰਭਵ ਥਾਵਾਂ ਤੇ ਕਮਲ (ਪੰਜਾਬੀ - ਕੰਮੀਆਂ, ਨੀਲੋਫਰ। ਸਿੰਧੀ- ਪੱਬਣ ਆਦਿ) ਦੀ ਖੇਤੀ ਆਮ ਹੈ ਤੇ ਸਜਾਵਟ ਤੇ ਪੂਜਾ ਦੇ ਕੰਮ ਵਿਚ ਵਰਤਿਆ ਜਾਂਦਾ ਹੈ। ਇਸੇ ਤਰਾਂ ਗੁਰੂ ਸਾਹਿਬ ਕੋਚੀ ਦੇ ਇਲਾਕੇ ਵਿਚ ਜਦੋਂ ਫਿਰ ਰਹੇ ਸਨ ਤਾਂ ਇੱਕ ਥਾਂ ਤੇ ਵੱਡੀ ਸਾਰੀ ਝੀਲ ਵਿਚ ਕੰਮੀਆਂ ਦੇ ਫੁੱਲ ਵੇਖ ਵਿਸਮਾਦਿਤ ਹੋ ਗਏ।

ਕਿਵੇ ਚਿੱਕੜ ਵਿਚ ਉਗ ਰਿਹਾ ਹੈ। ਥੱਲੇ ਡੋਡੀ ਹੈ। ਨਾਲੀ ਰਾਂਹੀ ਤਹਿ ਤੱਕ ਪਹੁੰਚਿਆ ਹੈ। ਚੌੜੇ ਪੱਤੇ। ਪੱਤਿਆਂ ਉਤੇ ਫਿਰਦੇ ਕੀੜੇ ਮਕੌੜੇ। ਫੁੱਲ ਦੀ ਪੰਖੜੀਆਂ ਨੂੰ ਗਹੁ ਨਾਲ ਵੇਖ ਰਹੇ ਸਨ। ਕਿਵੇ ਕਰਤੇ ਨੇ ਰੰਗ ਭਰਿਆਂ ਹੋਇਆ ਸੀ। ਪੰਖੜੀ ਜਿਥੋਂ ਉਠਦੀ ਹੈ ਓਥੇ ਫਿਕਾ ਰੰਗ ਆ। ਹੋਲੀ ਹੋਲੀ ਉਤੇ ਗੂੜਾ ਰੰਗ ਹੋ ਜਾਂਦਾ ਹੈ। ਫੁੱਲ ਦੇ ਵਿਚ ਦੂਸਰੇ ਰੰਗ ਦੀਆਂ ਬਰੀਕ ਡੰਡੀਆਂ ਜਿਹੀਆਂ ਖੜੀਆਂ ਨੇ। ਕਲਾਕਾਰ ਨਿਰੰਕਾਰ ਨੇ ਬੜੇ ਪ੍ਰੇਮ ਨਾਲ ਰੰਗ ਭਰੇ ਨੇ। ਸਾਹਿਬ ਦਾ ਮਨ ਖਿੜ ਉੱਠਿਆ। ਮੂੰਹੋ ਸਹਿਜ ਸੁਭਾਅ ਸਲੋਕ ਨਿਕਲਿਆ:

ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥ ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ ॥ ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥ ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ ॥

ਪੱਬਣ ਇਹ ਕਿਵੇ ਕੀਤਾ ਈ, ਆਪ ਤੂੰ ਕਾਲਾ-ਹਰਾ ਹੈ ਫੁੱਲ ਨਿਰਾ ਸੋਨਾ? ਭਈ ਤੇਰੀ ਦੇਹ ਕਿਹੜੇ ਦੁੱਖ ਕਰਕੇ ਕਾਲੀ ਹੋਈ। ਮੈਂ ਉਸ ਪਾਣੀ ਤੋਂ ਵਾਂਝਾ ਰਹਿਨਾਂ ਵਾਂ। ਜਿੰਨੂ ਵੇਖ ਮੇਰਾ ਮੰਨ ਖਿੜਦਾ ਵਾ। ◈

----◈----

## ਕੋਟਾਯਾਮ ਦਾ ਤਿੱਲਗੰਜੀ ਗੁਰਦੁਆਰਾ◉

ਗੁਰੂ ਸਾਹਿਬ ਕੋਚੀਨ ਤੋਂ 70 ਕਿਲੋਮੀਟਰ ਦੱਖਣ ਵਿਖੇ ਇੱਕ ਪ੍ਰਸਿੱਧ ਸ਼ਿਵ ਮੰਦਰ ਜਿਸ ਨੂੰ ਕਿਹਾ ਜਾਂਦਾ ਹੈ ਕਿ ਖ਼ੁੱਦ ਪਰਸਰਾਮ ਨੇ ਬਣਾਇਆ ਸੀ ਵਿਖੇ ਜੋਗੀਆਂ ਦਾ ਇਕੱਠ ਰਹਿੰਦਾ ਸੀ। ਗੁਰੂ ਸਾਹਿਬ ਵੀ ਓਥੇ ਪਹੁੰਚੇ। ਬੜੇ ਤਰੀਕੇ ਨਾਲ ਆਪਣਾ ਸਿਧਾਂਤ ਜੋਗੀਆਂ ਨੂੰ ਸਮਝਾ ਰਹੇ ਸਨ। ਜਦੋਂ ਵੰਡ ਕੇ ਛੱਕਣ ਦੀ ਗਲ ਆਈ ਤਾਂ ਵਿਚ ਇੱਕ ਚਲਾਕ ਜੋਗੀ ਮਹੰਤ ਨੇ ਗੁਰੂ ਸਾਹਿਬ ਦੇ ਵੰਡ ਛਕਣ ਦੇ ਸਿਧਾਂਤ ਤੇ ਸਵਾਲ ਉਠਾਇਆ ਕਿ ਅਖੇ ਇਹ ਸੰਭਵ ਨਹੀ ਹੈ ਜਿਨੂੰ ਭਗਵਾਨ ਜਿੰਨਾਂ ਦਿੰਦੇ ਹਨ ਓਹ ਹੀ ਖਾ ਸਕਦਾ ਹੈ। ਗੁਰੂ ਸਾਹਿਬ ਨੇ ਸਮਝਾਇਆ ਕਿ ਵੇਖੋ ਭਗਵਾਨ ਤਾਂ ਘੱਟ ਵੱਧ ਅਨੁਪਾਤ ਵਿਚ ਦਿੰਦੇ ਹਨ ਪਰ ਸਾਨੂੰ ਹਰ ਜੀਵ ਵਿਚ ਉਹਦਾ ਰੂਪ ਵੇਖਣਾ ਹੁੰਦਾ ਹੈ। ਅਸੀ ਉਹ ਪ੍ਰੇਮ ਨਿਭਾਉਣਾ ਹੁੰਦਾ ਹੈ। ਪਰ ਜੋਗੀ ਨੇ ਅਗੇ ਅੜਾਉਣੀ ਪਾ ਦਿੱਤੀ। ਉਸਨੇ ਤਿਲਾਂ ਦਾ ਇੱਕ ਦਾਣਾ ਗੁਰੂ ਸਾਹਿਬ ਨੂੰ ਦਿੱਤਾ ਤੇ ਕਿਹਾ ਕਿ ਠੀਕ ਹੈ ਜੇ ਤੁਸੀ ਵੰਡ ਛੱਕਣ ਤੇ ਇਨਾਂ ਹੀ ਭਰੋਸਾ ਕਰਦੇ ਹੋ ਤਾਂ ਇਹ ਤਿੱਲ



ਵੰਡ ਕੇ ਦੱਸੋ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਹਿ ਕੇ ਕੁੰਡੇ ਡੰਡੇ ਉਹ ਤਿਲ ਬਰੀਕ ਕਰਕੇ ਉਹਦੀ ਸਕੰਞਵੀ ਬਣਾ ਕੇ ਸਾਰੇ ਬੈਠੇ ਜੋਗੀਆਂ ਨੂੰ ਵਰਤਾ ਦਿੱਤੀ। ਜੋਗੀ ਲਾਜਵਾਬ ਹੋ ਗਏ।

ਓਥੇ ਹੀ ਫਿਰ ਕਸਬਾ ਪਾਅਲਮ ਤੇ ਕੋਟਾਯਮ ਦੇ ਵਿਚਕਾਰ ਸਿੱਖ ਧਰਮਸਾਲਾ ਬਣ ਗਈ। ਇਹ ਗੁਰਦੁਆਰਾ ਤਲਗੰਜੀ ਸਾਹਿਬ ਦੇ ਨਾਂ ਨਾਲ ਪ੍ਰਸਿਧ ਹੈ। ਵਕਤ ਪਾ ਕੇ ਉਸ ਧਰਮਸਾਲਾ ਦੀ ਉਦਾਸੀ ਸਾਧਾਂ ਨੇ ਆ ਸੇਵਾ ਸੰਭਾਲੀ। ਕਰਨੀ ਰੱਬ ਦੀ 1936 ਈ ਵਿਚ ਕੇਰਲਾ ਦੇ ਕੁਝ ਲੋਕ ਜਿੰਨਾਂ ਨੂੰ ਮੰਦਰ ਅੰਦਰ ਵੜਨ ਤੋਂ ਪੁਜਾਰੀਆਂ ਨੇ ਰੋਕਿਆ ਸੀ ਉਹ ਸਿੱਖ ਬਣ ਗਏ।

----◈----

## ਕੰਨਿਆ ਕੁਮਾਰੀ ਦੇ ਪੱਦਮਨਾਭਪੁਰ ਵਿਖੇ ਬਾਬਾ

ਭਾਰਤ ਦੇ ਨਕਸ਼ੇ ਦੇ ਹੇਠਾਂ ਵਲ ਝਾਤੀ ਮਾਰੋ। ਅਖੀਰ ਤੇ ਤੁਹਾਨੂੰ ਕੰਨਿਆ ਕੁਮਾਰੀ ਨਾਂ ਦੀ ਚੁੰਝ ਨਜਰ ਆਉਦੀ ਹੈ। ਇਥੋਂ 30 ਕਿ.ਮੀ. ਉੱਤਰ-ਪੱਛਮ ਵਿਚ ਇਕ ਰਾਜਧਾਨੀ ਪੱਦਮਨਾਭਪੁਰ ਸੀ । ਏਸੇ ਰਿਆਸਤ ਦਾ ਥੀਰੁਵੈਨੰਤਾਪੁਰਮ ਵਿਖੇ ਹਜ਼ਾਰਾਂ ਸਾਲ ਪੁਰਾਣਾ ਵਿਸ਼ਨੂੰ ਭਗਵਾਨ ਦਾ ਮੰਦਰ 'ਪਦਮਨਾਭਾਸਵਾਮੀ' ਹੈ। ਇਸ ਮੰਦਰ ਦਾ ਜਿਕਰ ਕਈ ਹਿੰਦੂ ਪੁਰਾਣਾਂ ਵਿਚ ਮਿਲਦਾ ਹੈ। ਦੁਨੀਆ ਦਾ ਸਭ ਤੋਂ ਅਮੀਰ ਮੰਦਰ ਹੈ ਇਹ। ਜਿੱਥੇ ਰਹੱਸਮਈ ਖਜਾਨੇ ਸਦੀਆਂ ਤੋਂ ਜਿੰਦਰਿਆਂ ਅੰਦਰ ਬੰਦ ਹਨ। (ਹਾਂ ਪਿੱਛੇ ਸੁਪਰੀਮ ਕੋਰਟ ਨੇ ਇਨਾਂ ਦਾ ਮੁਲਾਂਕਣ ਕਰਵਾਇਆ ਹੈ ਜਿਸ ਮੁਤਾਬਿਕ ਇਨਾਂ ਦੀ ਕੀਮਤ 17 ਬਿਲੀਅਨ ਅਮਰੀਕੀ ਡਾਲਰ ਬਣਦੀ ਹੈ। ਰੁਪਿਆਂ ਵਿਚ 1.2 ਲੱਖ ਕ੍ਰੋੜ ) ਇਥੋਂ ਦਾ ਸਭ ਤੋਂ ਵੱਡਾ ਖਜਾਨਾ ਜਿਸ ਦੀ ਸਿੱਖ ਧਰਮ ਨਾਲ ਅਹਿਮੀਅਤ ਬਣਨ ਦੀ ਸੰਭਾਵਨਾ ਹੈ ਉਹ ਹੈ ਇਥੋ ਦਾ 'ਗਰੰਥਪੁਰਾ ਦਸਤਾਵੇਜ ਕਮਰਾ' ਜਿਸ ਵਿਚ 1425 ਈ. ਤੋਂ ਬਾਦ ਲਗਾਤਾਰ ਲਿਖੇ ਗਏ ਰੋਜਨਾਮਚੇ ਸੰਭਾਲੇ ਪਏ ਹਨ। 1867 ਈ. ਵਿਚ ਇਸ ਦੇ ਪੁਰਾਣੇ ਦਸਤਾਵੇਜ ਸਰਕਾਰ ਦੇ ਆਰਕਾਈਜ਼ ਮਹਿਕਮੇ ਕੋਲ ਜਮਾ ਹੋ ਚੁੱਕੇ ਹਨ।

ਇਥੋ ਦੇ ਰਾਜੇ ਕੋਲ ਗੁਰੂ ਸਾਹਿਬ ਦਾ ਆ ਕੇ ਰੁਕਣ ਦਾ ਜਿਕਰ ਭਾਈ ਬੰਨੋ ਵਾਲੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਬਾਹਰ ਮਿਲਦਾ ਹੈ: 'ਰਾਜੇ ਰਾਮ ਦੀ ਵਲਾਇਤ' ਵਿਚ ਗੁਰੂ ਨਾਨਕ।

ਜਨਮਸਾਖੀਆਂ ਵਿਚ ਵੀ ਗੁਰੂ ਸਾਹਿਬ ਦਾ ਇਸ ਮੰਦਰ ਵਿਚ ਆ ਕੇ ਰਹਿਣ ਦਾ ਜਿਕਰ ਮਿਲਦਾ ਹੈ। ਲਗਦਾ ਹੈ ਸੰਗਲਾਦੀਪ ਦੀ ਜਿਹੜੀ ਰਾਜੇ ਸ਼ਿਵਨਾਭ ਨਾਲ ਸਾਖੀ ਹੈ ਉਹ ਵੀ ਇਸ ਜਗਾ ਦੀ ਸਾਖੀਆਂ ਨਾਲ ਰੱਲ ਗੱਡ ਕਰ ਦਿੱਤੀ ਗਈ ਹੈ। ਸ਼ਿਵਨਾਭ ਨਾਂ ਇਸ ਸਥਾਨ ਨਾਲ ਸਬੰਧ ਰੱਖਦਾ ਲੱਗਦਾ ਹੈ। 18ਵੀ ਸਦੀ ਤੋਂ ਇਥੋਂ ਦੀ ਰਿਆਸਤ ਟਰਾਂਵਨਕੋਰ ਦੀ ਰਿਆਸਤ ਦੇ ਨਾਂ ਨਾਲ ਗਿਣੀ ਜਾਂਦੀ ਰਹੀ ਹੈ। ਅੰਗਰੇਜਾਂ ਦੇ ਰਾਜ ਵੇਲੇ ਇਹ ਰਿਆਸਤ ਅਮੀਰ ਰਿਆਸਤਾਂ ਵਿਚੋਂ ਇੱਕ ਸੀ। ਇਥੋ ਦੇ ਗੁਪਤ ਖਜਾਨੇ ਅਮਰੀਕਾ ਤੱਕ ਦੇ ਅਖਬਾਰਾਂ ਰਸਾਲਿਆਂ ਦੀਆਂ ਵੱਡੀਆਂ ਵੱਡੀਆਂ ਸੁਰਖੀਆਂ ਵਜੋਂ ਛੱਪ ਚੁੱਕੇ ਹਨ। *

ਜਿਕਰ ਮਿਲਦਾ ਹੈ ਕਿ ਇਥੋਂ ਦਾ ਰਾਜਾ (ਹੋ ਸਕਦਾ ਹੈ ਉਸ ਦਾ ਨਾਂ ਸ਼ਿਵਨਾਭ ਹੋਵੇ) ਜੋ ਉਨਾਂ ਸਮਿਆਂ ਵਿਚ ਅਧੀਨ-ਰਾਜਾ (vassal king ਬਾਜਗੁਜਾਰ) ਗੁਰੂ ਸਾਹਿਬ ਦੇ ਉਪਦੇਸ਼ ਤੋਂ ਬਹੁਤ ਪ੍ਰਭਾਵਤ ਹੋਇਆ। ਗੁਰੂ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਤੁਹਾਡੇ ਇਹ ਅਮੀਰ ਖਜਾਨੇ ਵਿਅੱਰਥ ਹਨ ਜੇ ਤੁਹਾਡੀ ਪਰਜਾ ਵਿਚ ਕੋਈ ਜੀਅ ਭੁੱਖਾ ਰਹਿ ਗਇਆ ਤਾਂ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਰਾਜੇ ਨੇ ਆਪਣੇ ਅਧੀਨ ਇਲਾਕੇ ਵਿਚ 360 ਥਾਵਾਂ ਤੇ ਮੁਫਤ ਲੰਗਰ ਦਾ ਪ੍ਰਬੰਧ ਕਰ ਦਿੱਤਾ ਜਿਥੋ ਕੋਈ ਗਰੀਬ ਗੁਰਬਾ ਬੇਸਹਾਰਾ ਢਿੱਡ ਭਰ ਸਕੇ। ਗੁਰੂ ਨਾਨਕ ਦੀ ਸਿਖਿਆ ਦਾ ਜੋ ਅਗਲਾ ਅਸਰ ਨਜਰ ਆਉਦਾ ਹੈ ਉਹ ਹੈ ਇਥੋਂ ਦੇ ਲੰਗਰਾਂ ਵਿਚ ਜਾਤ ਦਾ ਬੰਧਨ ਨਹੀ ਸੀ ਵੇਖਿਆ ਜਾਂਦਾ। ਜਿਸ ਕਾਰਨ ਉਮੀਦ ਹੈ ਕਿ ਇਨਾਂ ਦਸਤਾਵੇਜਾਂ ਵਿਚ ਗੁਰੂ ਸਾਹਿਬ ਬਾਰੇ ਜਿਕਰ ਜਰੂਰ ਹੋਵੇ।

## ਕੰਨਿਆ ਕਵਾਰੀ

ਪੱਦਮਨਾਭਪੁਰ ਤੋਂ ਗੁਰੂ ਸਾਹਿਬ ਇਲਾਇਚੀ ਪਹਾੜਾਂ ਲਾਗੋਂ ਦੀ ਲੰਘ ਕੇ 40 ਕਿਲੋਮੀਟਰ ਦੂਰ ਕੰਨਿਆ ਕੁਮਾਰੀ ਪਹੁੰਚੇ ਤੇ ਮੰਦਰ ਵੇਖੇ। ਹਿੰਦੂ ਮਿਥਹਾਸ ਅਨੁਸਾਰ ਇਥੋਂ ਦੀ ਇੱਕ ਕੁੜੀ ਨੇ ਲੰਕਾ ਹਮਲੇ ਵੇਲੇ ਭਗਵਾਨ ਰਾਮ ਦੀ ਬਹੁਤ ਮਦਦ ਕੀਤੀ। ਰਾਮ ਚੰਦਰ ਨੇ ਇਨੂੰ ਭਰੋਸਾ ਦਿੱਤਾ ਸੀ ਕਿ ਜਿੱਤ ਤੋਂ ਮਗਰੋਂ ਉਹ ਰਸਮੀ ਵਿਆਹ ਓਸ ਮੁਟਿਆਰ ਨਾਲ ਕਰ ਲੈਣਗੇ। ਪਰ ਲੰਕਾ ਜਿੱਤਣ ਤੋਂ ਬਾਦ ਭਗਵਾਨ ਨੇ ਉਸ ਕੰਨਿਆ ਨਾਲ ਵਿਆਹ ਕਰਨ ਤੋਂ ਨਾਹ ਕਰ ਦਿੱਤੀ ਤੇ ਵਾਇਦਾ ਕੀਤਾ ਕਿ ਕਿਸੇ ਅਗਲੇ ਜਨਮ ਵਿਚ ਤੇਰੇ ਨਾਲ ਫੇਰੇ ਲਵਾਂਗਾ। ਉਸ ਕੁੜੀ ਨੇ ਫਿਰ ਇਸ ਵਿਯੋਗ ਵਿਚ ਆਪਣੀ ਜਾਨ ਦੇ ਦਿੱਤੀ। ਇਸ ਕਰਕੇ ਇਹ ਥਾਂ ਕਵਾਰੀ ਕੰਨਿਆ ਕਰਕੇ ਪ੍ਰਸਿਧ ਹੋਈ। ਕਈ ਲਿਖਾਰੀਆਂ ਦਾ ਕਹਿਣਾ ਹੈ ਕਿ ਕੰਨਿਆ ਵਾਲੀ ਘਟਨਾ ਕਿਸੇ ਹੋਰ ਰਾਜੇ ਨਾਲ



ਕੰਨਿਆ ਕੁਮਾਰੀ ਮੰਦਰ ਜਿਥੇ ਬੰਗਾਲ ਦੀ ਖਾੜੀ ਅਤੇ ਅਰਬ ਸਾਗਰ ਦਾ ਮੇਲ ਹੁੰਦਾ ਹੈ। ਗੁਰੂ ਸਾਹਿਬ ਦੇ ਵੇਲੇ ਵੀ ਇਹ ਥਾਂ ਮਸ਼ਹੂਰ ਸੀ।

ਪੈੜ ਸੂਹ

◈ ਸੋਢੀ:1-251 ⊙ ਇਹੋ ਅੜਾਉਣੀ ਇੱਕ ਵੇਰਾਂ ਕੋਇਟਾ - ਬਲੋਚਿਸਤਾਨ ਦੇ ਜੋਗੀਆਂ ਨੇ ਪਾਈ ਸੀ। ਓਥੇ ਵੀ ਤਲਗੰਜੀ ਗੁਰਦੁਆਰਾ ਅੱਜ ਤੱਕ ਮੌਜੂਦ ਹੈ। ਓਥੋਂ ਦੀ ਸਾਖੀ ਦਸਦੀ ਹੈ ਕਿ ਕਿਸੇ ਸਿੱਖ ਦੀ ਕੋਈ ਨਿਮਾਣੀ ਜਿਹੀ ਭੇਟ ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਵਰਤਾ ਕੇ ਅਜਿਹਾ ਕੌਤਕ ਕੀਤਾ ਕਿ ਹਰ ਕੋਈ ਧੰਨ ਧੰਨ ਗੁਰੂ ਨਾਨਕ ਕਹੇ।

ਗਿਆਨੀ -161 ਅਨੁਸਾਰ ਤਿਲਗੰਜੀ ਕਰਨਾਟਕ ਦੇ ਬਾਗਲਕੋਟ ਇਲਾਕੇ ਵਿਚ ਸੀ।

ਤਾਰਾ ਸਿੰਘ ਨਰੋਤਮ ਨੇ ਇਹ ਅਸਥਾਨ ਕੇਰਲ ਦੇ ਕੋਟਾਯਮ ਹੋਣਾ ਲਿਖਿਆ ਹੈ। ਕਿਰਪਾਲ ਸਿੰਘ -85 ਨੇ ਵੀ ਇਹੋ ਤਸਦੀਕ ਕੀਤਾ ਹੈ। ਇਸ ਕਰਕੇ ਅਸੀ ਇਹ ਸਾਖੀ ਤਿੰਨਾਂ ਥਾਵਾਂ ਤੇ ਦੇ ਦਿੱਤੀ ਹੈ। ਕਿਉਕਿ ਅਜਿਹੀ ਘਟਨਾ ਦੇ ਇਕ ਤੋਂ ਵੱਧ ਥਾਵਾਂ ਤੇ ਵਾਪਰਨ ਦੀ ਸੰਭਾਵਨਾ ਹੋ ਸਕਦੀ ਹੈ। ਕਿਉਕਿ ਗੁਰੂ ਸਾਹਿਬ ਵੰਡ ਛਕਣ ਦੇ ਸਿਧਾਂਤ ਨੂੰ ਪਰਪੱਕ ਕਰ ਰਹੇ ਸਨ। ਹੋਰ ਪੜਤਾਲ ਦੀ ਜਰੂਰਤ ਹੈ।

✚https://en.wikipedia.org/wiki/Padmanabhaswamy_Temple_treasure
https://www.newyorker.com/magazine/2012/04/30/the-secret-of-the-temple

ਵਾਪਰੀ ਸੀ ਪਰ ਭਗਵਾਨ ਰਾਮ ਦਾ ਨਾਂ ਐਂਵੇ ਹੀ ਜੋੜ ਦਿੱਤਾ ਗਇਆ ਹੈ।

ਦੁਨੀਆ ਭਰ ਦੇ ਵਪਾਰੀ ਇਲਾਇਚੀ ਇਥੋਂ ਚੁੱਕਦੇ ਤੇ ਦਾਲਚੀਨੀ ਨਿਗੰਬੋ (ਕੋਲੰਬੋ ਨਹੀ) ਤੋਂ ਲੈਂਦੇ ਸਨ। ਉਂਜ ਦੋਵੇ ਚੀਜਾਂ ਹੋਰ ਮਸਾਲਿਆਂ ਸਮੇਤ ਕਾਲੀਕਟ ਤੋਂ ਮਿਲ ਸਕਦੇ ਸਨ। ਪਰ ਅਮੂਮਨ ਥੋਕ ਦਾ ਵਪਾਰੀ ਹਮੇਸ਼ਾਂ ਜਿਣਸ ਦੀ ਮੁੱਖ ਮੰਡੀ ਹੀ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ਸੋ ਕਵਾਰੀ ਕੰਨਿਆ ਤੋਂ ਵੀ ਕਦੀ ਨਿਗੰਬੋ ਤੱਕ ਜਾਣ ਵੇਲੇ ਬੇੜੇ ਮਿਲ ਜਾਂਦੇ ਸਨ। ਪਰ ਜਦੋਂ ਗੁਰੂ ਸਾਹਿਬ ਨੇ ਜਾਣਾਂ ਸੀ ਤਾਂ ਨੇੜ ਦੇ ਦਿਨਾਂ ਵਿਚ ਕਿਸੇ ਬੇੜੇ ਦੇ ਜਾਣ ਦੀ ਸੰਭਾਵਨਾ ਨਹੀ ਸੀ।

**ਥੁਥੁਕੋਡੀ–** ਓਥੋਂ ਫਿਰ ਗੁਰੂ ਸਾਹਿਬ ਪਹੁੰਚੇ ਥੁਥੁਕੋਡੀ (ਟੂਟੀਕੋਰਿਨ) ਜਿਹੜਾ ਦੱਖਣ ਦੀ ਸਭ ਤੋਂ ਵੱਡੀ ਬੰਦਰਗਾਹ ਸੀ ਤੇ ਮੋਤੀਆਂ ਦੀ ਪੈਦਾਵਾਰ ਤੇ ਵਪਾਰ ਦਾ ਸਭ ਤੋਂ ਵੱਡਾ ਕੇਂਦਰ। ਇਥੇ ਵੀ ਗੁਰੂ ਸਾਹਿਬ ਨੇ ਲੋਕਾਂ ਨੂੰ ਕਾਲਪਨਿਕ ਦੇਵੀ ਦੇਵਤਿਆਂ ਦੀ ਅਸਲੀਅਤ ਬਾਰੇ ਜਾਣੂ ਕਰਾਇਆਂ ਤੇ ਸਰਬਵਿਆਪਕ ਜਿੰਦਾ ਨਿਰੰਕਾਰ ਦੇ ਚਰਨੀ ਲਾ ਕੇ ਸਤਿਨਾਮ ਸਤ ਕਰਤਾਰ ਦਾ ਨਾਮ ਜੱਪਣ ਦੀ ਸਿੱਖਿਆ ਦਿੱਤੀ। ਓਥੋਂ ਵੀ ਲੱਗਦਾ ਸਾਹਿਬ ਨੂੰ ਲੰਕਾ ਜਾਣ ਵਾਸਤੇ ਬੇੜਾ ਨਾਂ ਮਿਲਿਆ।

ਓਥੇ ਮਰਦਾਨੇ ਨੇ ਕਿਹਾ ਕਿ ਬਾਬਾ ਜੀ ਸੁਣਿਐ ਕਿ ਇਥੇ ਸਮੁੰਦਰ ਤੇ ਬੰਨ ਬਣਿਆ ਹੋਇਆ ਹੈ ਪੁਲ ਹੈ ਆਪਾਂ ਉਸ ਪੁਲ ਥਾਂਣੀ ਕਿਓ ਨਾਂ ਜਾਈਏ? ਗੁਰੂ ਸਾਹਿਬ ਨੇ ਕਿਹਾ ਕਿ ਭਾਈ ਪੁਲ ਟੁੱਟਾ ਹੋਇਆ ਹੈ। ਸਾਧਨ ਫਿਰ ਵੀ ਕਰਨਾਂ ਪਉ ਨਾਲੇ ਅਸਾਂ ਪਹਿਲਾਂ ਲੰਕਾ ਦੇ ਰਾਜੇ ਨੂੰ ਮਿਲਣਾ ਹੈ ਉਹਦੀ ਰਾਜਧਾਨੀ ਇਥੋਂ ਹੀ ਸਿੱਧੀ ਪੈਣੀ ਹੈ।

ਧਾਰਮਿਕ ਵਿਦਵਾਨਾਂ ਦੇ ਕਹਿਣ ਤੇ ਬਾਬਾ ਜੀ ਮਦੁਰਾਇ ਜਰੂਰ ਵੇਖੋ, ਸਾਹਿਬ ਨੇ ਥੁਥੂਕੋਡੀ ਤੋਂ ਰਮੇਸ਼ਵਰਮ ਜਾਣ ਦੀ ਬਿਜਾਏ ਮਦੁਰਾਇ ਪੈਦਲ ਹੀ 130 ਕਿਲੋਮੀਟਰ ਜਾਣ ਦਾ ਮਨ ਬਣਾ ਲਿਆ।

----◈----

## ਮਦੂਰੈ ਵਿਚ ਤਰਾਂ ਤਰਾਂ ਦੇ ਮੰਦਰ ਵੇਖ ਬਾਬੇ ਦਾ ਵੈਰਾਗ ਛੁੱਟ ਗਿਆ

ਗੁਰੂ ਸਾਹਿਬ ਤੇ ਮਰਦਾਨਾ ਮਦੂਰੈ ਨੂੰ ਰਵਾਨਾ ਹੋ ਚੁੱਕੇ ਸਨ। ਮਦੁਰਾਇ ਦੇ ਮੰਦਰ ਵੇਖਣੇ ਸਨ। ਅੱਗੇ ਜਾ ਜਦੋਂ ਸ਼ਾਮ ਪਈ ਤਾਂ ਇੱਕ ਪਿੰਡ ਟਿਕਾਣਾ ਕਰਨਾਂ ਚਾਹਿਆ। ਪਤਾ ਲੱਗਾ ਕਿ ਮੰਦਰ ਸ਼ੇਰ ਭਗਵਾਨ ਦਾ ਹੈ। ਮਰਦਾਨੇ ਨੂੰ ਤਾਂ ਓਥੋਂ ਦੀ ਬੋਲੀ ਬਿਲਕੁਲ ਸਮਝ ਨਾਂ ਲੱਗੇ, "ਬਾਬਾ ਇਹ ਕੀ ਬੋਲਦੇ ਨੇ ਜਿਵੇ ਪੱਕੀ ਸੜਕ ਤੇ ਟਾਂਗਾ ਘੋੜਾ ਦੌੜਦੈ!" ਗੁਰੂ ਸਾਹਿਬ ਨੇ ਫਰਮਾਇਆ ਕਿ ਮਰਦਾਨਿਆ ਧਿਆਨ ਨਾਲ ਸੁਣੇਗਾ ਤਾਂ ਬਹੁਤ ਕੁਝ ਸਮਝ ਆ ਜਾਏਗਾ। ਕੁਝ ਨਾਂ ਕੁਝ ਤਾਂ ਬੋਲੀਆਂ ਵਿਚ ਮੇਲ ਹੁੰਦਾ ਹੀ ਹੈ।

ਖੈਰ ਮੰਦਰ ਵਿਚ ਜਦੋਂ ਲੋਕਾਂ ਨੂੰ ਸਮਝਾਉਣਾ ਚਾਹਿਆ ਕਿ ਇਨਾਂ ਪਸ਼ੂਆਂ ਪੰਛੀਆਂ ਦੀ ਮਾਨਤਾ ਛੱਡ ਦਿਓ ਤਾਂ ਅਗਲਿਆਂ ਬੜਾ ਗੁੱਸਾ ਕੀਤਾ। ਪੁਜਾਰੀ ਨੇ ਝੱਟ ਉਹ ਬੰਦਾ ਹਾਜਰ ਕਰ ਦਿੱਤਾ ਜਿਸ ਦੀ ਮੱਨਤ ਪੂਰੀ ਹੋਈ ਸੀ। ਕੋਈ ਜਨਾਨੀ ਆ ਗਈ ਜਿਹਦਾ ਰੋਗ ਸ਼ੇਰ ਭਗਵਾਨ ਨੇ ਕੱਟਿਆ ਸੀ। ਗੱਲਾਂ ਸੁਣ ਸੁਣ ਮਰਦਾਨਾ ਮੁਸਕਰਾਏ। ਕਿਸੇ ਤਰਾਂ ਰਾਤ ਗੁਜਾਰੀ।

ਅਗਲੇ ਦਿਨ ਫਿਰ ਰਵਾਨਾ ਹੋਏ। ਸ਼ਾਮੀ ਇੱਕ ਸ਼ਹਿਰ ਆਇਆ। ਓਥੇ ਦਾ ਵੱਡਾ ਮੰਦਰ ਅਖੇ ਜੀ ਇਹ ਮਿਨਾਕਸ਼ੀ ਅੰਮਾਂ ਮੰਦਰ ਹੈ। ਉਹ ਕੌਣ ਹੈ? ਪੁਜਾਰੀਆਂ ਨੇ ਲੰਮੀ ਕਹਾਣੀ ਦੱਸੀ ਕਿ ਰਾਜੇ ਨੇ ਮਿਨਾਕਸ਼ੀ ਦੀਆਂ ਲੱਤਾਂ ਬਾਹਵਾਂ ਵੱਢਾ ਦਿੱਤੀਆ ਸਨ ਕਿਉਕਿ ਰਾਜੇ ਨੂੰ ਸ਼ੱਕ ਸੀ ਕਿ ਮਿਨਾਕਸ਼ੀ ਡਾਕੂਆਂ ਨਾਲ ਮਿਲੀ ਹੋਈ ਹੈ। ਫਿਰ ਚਮਤਕਾਰ ਹੋਇਆ ਸੀ ਅੰਮਾਂ ਦੀ ਲੱਤਾਂ ਬਾਹਵਾਂ ਆਪੇ ਜੁੜ ਗਈਆਂ। ਤਦ ਤੋਂ ਲੋਕ ਉਸ ਦੀ ਮੰਨਤਾ ਕਰਦੇ ਹਨ ਬੜੀ ਜਾਹਰੀ ਦੇਵੀ ਹੈ।

ਏਸੇ ਤਰਾਂ ਥਾਂ ਥਾਂ ਗੁਰੂ ਸਾਹਿਬ ਨੂੰ ਲੋਕਾਂ ਦੇ ਵੱਖ ਵੱਖ ਦੇਵੀ ਦੇਵਤੇ ਦਿਸੇ। ਲੋਕੀ ਤਾਂ ਸ਼ਰਧਾ ਵਿਚ ਸਾਰੇ ਹੱਦ ਬੰਨੇ ਟੱਪਦੇ ਦੇਖੇ। ਕੋਈ ਅੰਮਾ ਨੂੰ ਖੁਸ਼ ਕਰਨ ਲਈ ਆਪਣੀ ਜੀਭ ਕਟਵਾ ਰਿਹਾ ਹੈ। ਇਥੋ ਤੱਕ ਕਿ ਕੋਈ ਉਹਦੀ ਖੁਸ਼ੀ ਹਾਸਲ ਕਰਨ ਲਈ ਆਪਣੀ ਜਾਨ ਹੀ ਦੇ ਦਿੰਦਾ ਹੈ। ਮੁਸਲਮਾਨ ਰਾਜਿਆਂ ਮਲਿਕ ਕਾਫੂਰ ਵਰਗਿਆਂ ਨੇ ਜਦੋਂ ਪੰਡਿਆਂ ਦੇ ਇਹੋ ਜਿਹੇ ਕਾਰਨਾਮੇ ਸੁਣੇ ਤਾਂ ਉਨਾਂ ਮੰਦਰ ਹੀ ਢੁਹਾ ਦਿੱਤੇ ਕਿ ਸ਼ਰਧਾ ਦੇ ਨਾਂ ਤੇ ਪੰਡੇ ਜੁਲਮ ਕਰ ਰਹੇ ਨੇ।

ਹੋਰ ਅੱਗੇ ਗਏ ਤਾਂ ਕਾਅਤੇਰੀ ਅੰਮਾਂ ਮੰਦਰ ਦਾ ਸ਼ਹਿਰ ਆਇਆ। ਕਾਅਤੇਰੀ ਕੋਈ ਭੂਤਨੀ ਆ।

ਇਕ ਪਿੰਡ ਵਿਚ ਪੇਰੀਯਾਚੀ ਅੰਮਾ ਦਾ ਮੰਦਰ ਹੈ। ਅਖੇ ਉਹ ਬੱਚਿਆਂ ਤੇ ਮਾਵਾਂ ਦੀ ਰਾਖੀ ਕਰਦੀ ਹੈ।

ਤੇ ਲਓ! ਦੋ ਪਿੰਡਾਂ ਦੀ ਸਰਹੱਦ ਤੇ ਇੱਕ ਉੱਚਾ ਪੱਥਰ ਗੱਡਿਆ ਹੁੰਦਾ ਹੈ ਜਿਵੇ ਅੱਜ ਕਲ ਮੀਲ ਪੱਥਰ ਹੁੰਦਾ ਹੈ ਤੇ ਉਨੂੰ ਤਮਿਲ ਲੋਕ 'ਇਲਾਇ ਅੰਮਾਂ' ਦੇ ਤੌਰ ਤੇ ਪੂਜਦੇ ਹਨ। ਰਾਹਗੀਰ ਉਨਾਂ ਨੂੰ ਵੀ ਪੂਜਦੇ ਹਨ।

ਰਸਤੇ 'ਚ ਇੱਕ ਥਾਂ ਇਕੱਲੇ ਬੈਠੇ ਸੋਚਦੇ ਹਨ। ਬਾਬਾ ਤੇ ਮਰਦਾਨਾ ਹੈਰਾਨ ਹਨ ਕਿਤੇ ਭੂਤ ਦਾ ਮੰਦਰ ਹੈ ਕਿਤੇ ਪ੍ਰੇਤ ਦਾ, ਕਿਤੇ ਬਾਂਦਰ ਦਾ ਕਿਤੇ ਸੱਪ ਦਾ, ਕਿਤੇ ਲੋਕ ਖੂਹ ਟੋਭਾ ਹੀ ਪੂਜਦੇ ਹਨ ਕਿਤੇ ਸਾਗਰ ਸਮੁੰਦਰ। ਲੋਕਾਂ ਦੀ ਆਸਥਾ ਪੱਥਰ ਨਿਆਈ ਪੱਕੀ ਹੈ। ਲੋਕ ਪੂਜ ਰਹੇ ਹਨ ਬੇਸੁਰਤ ਹੋਏ।

ਪੂਜਾ ਦੀਆਂ ਇਹ ਵੰਨਗੀਆਂ ਵੇਖ ਬਾਬੇ ਦਾ ਵੈਰਾਗ ਛੁੱਟਦਾ ਹੈ। "ਕੱਸ ਮਰਦਾਨਿਆਂ ਰਬਾਬ ਦੀਆਂ ਤਾਰਾਂ। ਬਾਣੀ ਆ ਰਹੀ ਹੈ":-

ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥ ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ ॥ ਦੂਖ ਬਿਸਾਰਣਹਾਰੁ ਸੁਆਮੀ ਕੀਤਾ ਜਾ ਕਾ ਹੋਵੈ ॥ ਕੋਟ ਕੋਟੰਤਰ ਪਾਪਾ ਕੇਰੇ ਏਕ ਘੜੀ ਮਹਿ ਖੋਵੈ ॥ ਹੰਸ ਸਿ ਹੰਸਾ ਬਗ ਸਿ ਬਗਾ ਘਟ ਘਟ ਕਰੇ ਬੀਚਾਰੁ ਜੀਉ ॥ ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥੧॥ ਜਿਨ੍ ਇੱਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥ ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੁ ਨ ਆਵਹਿ ਹਾਰਿ ਜੀਉ ॥ ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ ਤਿਨ੍ ਜਮੁ ਨੇੜਿ ਨ ਆਵੈ ॥ ਜੰਮਣੁ ਮਰਣੁ ਤਿਨ੍ਹਾ ਕਾ ਚੂਕਾ ਜੋ ਹਰਿ ਲਾਗੇ ਪਾਵੈ ॥ ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ ਹਰਿ ਹਰਿ ਨਾਮੁ ਉਰ ਧਾਰਿ ਜੀਉ ॥ ਜਿਨ੍ ਇੱਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥੨॥ ਜਿਨਿ ਜਗਤੁ ਉਪਾਇਆ ਧੰਧੈ ਲਾਇਆ ਤਿਸੈ ਵਿਟਹੁ ਕੁਰਬਾਣੁ ਜੀਉ ॥ ਤਾ ਕੀ ਸੇਵ ਕਰੀਜੈ ਲਾਹਾ ਲੀਜੈ ਹਰਿ ਦਰਗਹ ਪਾਈਐ ਮਾਣੁ ਜੀਉ ॥ ਹਰਿ ਦਰਗਹ ਮਾਨੁ ਸੋਈ ਜਨੁ ਪਾਵੈ ਜੋ ਨਰੁ ਏਕੁ ਪਛਾਣੈ ॥ ਓਹੁ ਨਵ ਨਿਧਿ ਪਾਵੈ ਗੁਰਮਤਿ ਹਰਿ ਧਿਆਵੈ ਨਿਤ ਹਰਿ ਗੁਣ ਆਖਿ ਵਖਾਣੈ ॥ ਅਹਿਨਿਸਿ ਨਾਮੁ ਤਿਸੈ ਕਾ ਲੀਜੈ ਹਰਿ ਊਤਮੁ ਪੁਰਖੁ ਪਰਧਾਨੁ ਜੀਉ ॥ ਜਿਨਿ ਜਗਤੁ ਉਪਾਇਆ ਧੰਧੈ ਲਾਇਆ ਹਉ ਤਿਸੈ ਵਿਟਹੁ ਕੁਰਬਾਨੁ ਜੀਉ ॥੩॥ ਨਾਮੁ ਲੈਨਿ ਸਿ ਸੋਹਹਿ ਤਿਨ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥ ਤਿਨ ਫਲ ਤੋਟਿ ਨ ਆਵੈ ਜਾ ਤਿਸੁ ਭਾਵੈ ਜੇ ਜੁਗ ਕੇਤੇ ਜਾਹਿ ਜੀਉ ॥ ਜੇ ਜੁਗ ਕੇਤੇ ਜਾਹਿ ਸੁਆਮੀ ਤਿਨ ਫਲ ਤੋਟਿ ਨ ਆਵੈ ॥ ਤਿਨ੍ ਜਰਾ ਨ ਮਰਣਾ ਨਰਕਿ ਨ ਪਰਣਾ ਜੋ ਹਰਿ ਨਾਮੁ ਧਿਆਵੈ ॥ ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ ॥ ਨਾਮੁ ਲੈਨ੍ਹਿ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥੪॥ ੧॥੪॥



ਇਸ ਕਹਾਣੀ ਵਿਚ ਪਿਤਾ ਵਿਸ਼ਨੂੰ, ਧੀ ਮਿਨਾਕਸੀ ਦਾ ਹੱਥ ਸ਼ਿਵ ਨੂੰ ਫੜਾ ਰਹੇ ਨੇ। - ਮਦੂਰਾਇ ਦਾ ਮਿਨਾਕਸ਼ੀ ਮੰਦਰ। ਫਿਰ ਕੀ ਹੋਇਆ ਜੇ ਭਗਵਾਨ ਵਿਸ਼ਨੂ ਅਤੇ ਸ਼ਿਵ ਦੀ ਸ਼ਕਲ ਇਥੇ ਮਦਰਾਸੀਆਂ ਵਰਗੀ ਬਣ ਗਈ ਹੈ ਤਾਂ?

ਬਾਬਾ ਕਹਿੰਦਾ ਮਰਦਾਨਿਆ ਇਹ ਲੋਕ ਏਸੇ ਤਰਾਂ ਫਿਰ ਮਰਦੇ ਖਪਦੇ ਦੁੱਖਾਂ ਚਿੰਤਾਵਾਂ ਵਿਚ ਫਸੇ ਰਹਿੰਦੇ ਨੇ। ਇਸ ਜੀਵਨ ਬਾਬਤ ਗੰਭੀਰਤਾ ਨਾਲ ਵੀਚਾਰ ਨਹੀ ਕਰਦੇ। ਮੁਕਤੀ ਤਾਂ ਹਰੀ ਦੇ ਨਾਂਮ ਨਾਲ ਹੀ ਹੋ ਸਕਦੀ ਹੈ।

ਮਰਦਾਨਿਆ ਮੈਂ ਬਲਿਹਾਰ ਹਾਂ ਮਾਲਕ ਤੋਂ ਜਿਸ ਨੇ ਵੰਨਗੀ ਪੈਦਾ ਕੀਤੀ ਹੈ। ਵੇਖ ਨਾਂ ਹਰ 20 -25 ਮੀਲ ਤੇ ਬੋਲੀ ਦਾ ਲਹਿਜਾ ਬਦਲ ਜਾਂਦਾ ਹੈ। ਦੂਰੀਆਂ ਤੇ ਜਾਨਵਰਾਂ ਛੱਡ, ਬੰਦਿਆਂ ਵਿਚ ਵੀ ਵੰਨਗੀ ਆ ਜਾਂਦੀ ਹੈ।

ਜਦੋਂ ਗੁਰੂ ਸਾਹਿਬ ਮਦੁਰੈ ਗਏ ਓਦੋਂ ਓਥੋਂ ਦਾ ਰਾਜਾ ਚੰਦਰਸ਼ੇਖਰ ਪੰਡੀਆ ਸੀ। ਗੁਰੂ ਸਾਹਿਬ ਦਾ ਰਾਜੇ ਨਾਲ ਮੇਲ ਮਿਲਾਪ ਬਾਰੇ ਕੋਈ ਜਿਕਰ ਨਹੀਂ ਮਿਲਿਆ।

----◈----

**ਰਾਮੇਸ਼ਵਰਮ-** ਫਿਰ ਮਦੁਰੈ ਤੋਂ ਪੈਦਲ ਹੀ ਦੱਖਣ ਵਲ 100 ਕਿਲੋਮੀਟਰ ਦੂਰ ਰਾਮਾਨਾਥਪੁਰਮ (ਰਾਮਨਾਦ) ਪਹੁੰਚੇ। ਪ੍ਰਸਿਧ ਲਿਖਾਰੀ ਸੁਰਿੰਦਰ ਸਿੰਘ ਕੋਹਲੀ ਅਨੁਸਾਰ ਇਥੇ ਗੁਰੂ ਸਾਹਿਬ ਦੀ ਯਾਦ ਵਿਚ ਇੱਕ ਧਰਮਸ਼ਾਲਾ (ਮੰਦਰ) ਹੈ ਜਿਸ ਨਾਲ ਦੋ ਲੱਖ ਦੀ ਜਾਇਦਾਦ ਵੀ ਹੈ। ਇਥੇ ਜੋ ਜੋ ਕੌਤਕ ਸਾਹਿਬ ਨੇ ਕੀਤੇ ਉਨਾਂ ਦੀ ਜਾਣਕਾਰੀ ਕਿਤਾਬਾਂ ਵਿਚੋਂ ਮਿਲ ਨਹੀ ਪਾਈ।

ਰਾਮਾਨਾਥਪੁਰਮ ਤੋਂ ਕੋਈ 60 ਕਿਲੋਮੀਟਰ ਅੱਗੇ ਦੱਖਣ ਵਿਚ ਰਾਮੇਸ਼ਵਰਮ ਮੰਦਰ ਗੁਰੂ ਸਾਹਿਬ ਪਹੁੰਚੇ ਜੋ ਐਨ ਸਮੁੰਦਰ ਵਿਚਕਾਰ ਹੈ। (ਕੰਨਿਆ ਕੁਮਾਰੀ ਤੋਂ ਇਹ ਥਾਂ ਕੋਈ 300 ਕਿ.ਮੀ. ਉੱਤਰ-ਪੂਰਬ ਹੈ) ਰਮੇਸ਼ਵਰਮ ਦੇ ਅੱਗੇ ਨਾਲ ਹੀ ਲੰਕਾ ਹੈ। ਦਰਮਿਆਨ ਦੂਰੀ ਸਿਰਫ 40 ਕੁ ਕਿਲੋਮੀਟਰ ਹੀ ਰਹਿ ਜਾਂਦੀ ਹੈ। ਰਮੇਸ਼ਵਰਮ ਦੇ ਸਥਾਨ ਤੇ ਕੁਦਰਤੀ ਤੌਰ ਤੇ ਇੱਕ ਬੰਨ ਜਿਹਾ ਬਣਿਆ ਹੋਇਆ ਹੈ। ਕੁਝ ਲੋਕ ਇਨੂੰ ਪੁਲ ਆਦਮ (ਐਡਮਜ਼ ਬ੍ਰਿਜ) ਤੇ ਹਿੰਦੂ ਸ਼ਰਧਾਲੂ ਇਨੂੰ ਰਾਮ ਸੇਤੂ ਮੰਨਦੇ ਹਨ ਕਿਉਕਿ ਰਮਾਇਣ ਵਿਚ ਆਉਦਾ ਹੈ ਕਿ ਭਗਵਾਨ ਰਾਮ ਜਦੋਂ ਸੀਤਾ ਨੂੰ ਰਾਵਣ ਦੀ ਕੈਦ 'ਚੋਂ ਛੁਡਾਉਣ ਜਾ ਰਹੇ ਸਨ ਤਾਂ ਉਨਾਂ ਨੇ ਬਾਂਦਰਾਂ ਦੀ ਸੈਨਾ ਨਾਲ ਇਹ ਪੁਲ ਬੰਨ ਦਿੱਤਾ ਸੀ। ਪਰ ਬਦਕਿਸਮਤੀ ਨਾਲ ਇਹ ਬੰਨ ਨਾਂ ਤਾ ਪੂਰਾ ਲੰਕਾ ਨੂੰ ਛੂਹਦਾ ਹੈ ਤੇ ਨਾਂ ਹੀ ਵਿਚ ਕੋਈ ਪੂਰੀ ਖਾਲੀ ਬਚਦੀ ਹੈ। ਕਹਿਣ ਤੋਂ ਮਤਲਬ ਕੁਝ ਦੂਰੀ ਤੱਕ ਇਹ ਬੰਨ ਪਾਣੀ ਤੋਂ ਉਤੇ ਹੈ ਤੇ ਅੱਗੇ ਲੰਕਾ ਲਾਗੇ ਪਾਣੀ 'ਚ ਡੁਬਿਆ ਹੋਇਆ ਹੈ। ਜਿਸ ਕਾਰਨ ਵੱਡੇ ਜਹਾਜਾਂ ਦਾ ਇਥੋਂ ਲੰਘਣਾ ਅਸੰਭਵ ਹੋ ਜਾਂਦਾ ਹੈ। ਸੋ ਜਹਾਜਰਾਣੀ ਦੇ ਹਿਸਾਬ ਇਹ ਪੁਲ ਇੱਕ ਸਰਾਪ ਹੈ। ਪਿੱਛੇ ਜਿਹੇ 2005 ਵਿਚ ਸਰਕਾਰ ਨੇ ਇਸ ਬੰਨ ਨੂੰ 200 ਗਜ ਵੱਢ ਕੇ ਖਾਲੀ ਬਣਾਉਣੀ ਚਾਹੀ ਤਾਂ ਕਿ ਜਹਾਜ ਨਿਕਲ ਸਕਣ ਪਰ ਧਾਰਮਿਕ ਭਾਵਨਾਵਾਂ ਭਾਰੂ ਹੋ ਗਈਆਂ ਜਿਸ ਕਰਕੇ ਸਰਕਾਰ ਦੀ ਸਕੀਮ ਫੇਲ ਹੋ ਗਈ। ਦੂਸਰੇ ਪਾਸੇ ਸਿਆਣੇ ਮੁਲਕ ਸਗੋਂ ਜਰੂਰਤ ਪੈਣ ਤੇ ਸੈਕੜੇ ਮੀਲ ਖੁਸ਼ਕ ਜਮੀਨ ਵਿਚ ਵੀ ਜਹਾਜਾਂ ਲਈ ਨਹਿਰਾਂ ਪੁੱਟ ਦਿੰਦੇ ਹਨ। ਖੁਦ ਸੁਏਜ ਕਨਾਲ 193 ਕਿਲੋਮੀਟਰ ਲੰਮੀ ਹੈ।

ਨਕਸ਼ੇ ਵਿਚ ਵੇਖੋ ਰਾਮਾਨਾਥਪੁਰਮ ਸਵਾਮੀ ਮੰਦਰ ਜਾਂ ਰਾਮੇਸ਼ਵਰਮ ਐਨ ਸਮੁੰਦਰ ਦੇ ਵਿਚਕਾਰ ਨਜਰ ਆਉਦਾ ਹੈ। ਇਹ ਹਿੰਦੂ ਧਰਮ ਦੇ 12 ਜੋਤੀ ਲਿੰਗ ਮੰਦਰਾਂ ਵਿਚੋਂ ਇੱਕ ਹੈ। ਇਥੋਂ ਦੇ ਪੰਡਿਆਂ ਦਾ ਕਹਿਣਾ ਹੈ ਕਿ ਭਗਵਾਨ ਰਾਮ ਨੇ ਆਪ ਇਸ ਲਿੰਗ ਦੀ ਪੂਜਾ ਕੀਤੀ ਸੀ ਤੇ ਰਾਵਣ ਨਾਲ ਕੀਤੇ ਯੁੱਧ ਲਈ ਮਾਫੀ ਮੰਗੀ ਸੀ, ਕਿਉਕਿ ਰਾਵਣ ਖੁੱਦ ਵੀ ਮੰਨਿਆ ਹੋਇਆ ਬ੍ਰਾਹਮਣ ਸੀ। ਮਰਦਾਨੇ ਨੇ ਗੁਰੂ ਸਾਹਿਬ ਕੋਲੋਂ ਇਹ ਸਾਰੀ ਕਹਾਣੀ ਜਦੋਂ ਸਮਝਣੀ ਚਾਹੀ ਤਾਂ ਨਾਲ ਲੱਗਦੇ ਹੋਰ ਹਜਾਰਾਂ ਲੋਕਾਂ ਤੱਕ ਗੁਰੂ ਸਾਹਿਬ ਨੇ ਰਮਾਇਣ ਦੇ ਮਿਥ ਦਾ ਪਾਜ ਉਜਾਗਰ ਕੀਤਾ। ਸ਼ੁਰੂ ਵਿਚ ਪੰਡਿਆਂ ਨੇ ਗੁਰੂ ਸਾਹਿਬ ਨਾਲ ਰੁੱਖਾ ਵਰਤਾ ਕੀਤਾ ਫਿਰ ਜਦੋਂ ਗੁਰੂ ਸਾਹਿਬ ਨੇ ਸਮਝਾਇਆ ਕਿ ਆਪਣੇ ਆਪ ਨੂੰ ਸੁਧਾਰੋ, ਪਾਖੰਡ ਛੱਡੋ ਨਹੀ ਤਾਂ ਲੋਕੀ ਤਾਂ ਛੱਡੋ ਖੁਦ ਤੁਹਾਨੂੰ ਵੀ ਅਗਲਿਆਂ ਈਸਾਈ ਜਾਂ ਮੁਸਲਮਾਨ ਬਣਾ ਦੇਣਾ ਹੈ। ਇਥੇ ਵੀ ਮਿੱਠੇ ਪਾਣੀ ਦੀ ਥੁੱੜ ਸੀ। ਗੁਰੂ ਸਾਹਿਬ ਨੇ ਇੱਕ ਖਾਸ ਥਾਂ ਤੇ ਖੂਹ ਪੁਟਣ ਦਾ ਹੁਕਮ ਕੀਤਾ ਜਿਥੋਂ ਮਿੱਠਾ ਪਾਣੀ ਨਿਕਲਿਆ। ਉਹ ਖੂਹ ਅੱਜ ਤੱਕ ਮੌਜੂਦ ਹੈ ਤੇ ਉਹ ਥੜਾ ਜਿੱਥੇ ਗੁਰੂ ਸਾਹਿਬ ਬਿਰਾਜੇ। ਰਮੇਸ਼ਵਰਮ ਵਿਖੇ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਵੀ ਮੌਜੂਦ ਹੈ।

----◈----

### "ਤੇ ਫਿਰ ਕੀ ਸੂਰਜ, ਚੰਦਰਮਾ ਤੇ ਹੋਰ ਗ੍ਰਿਹਾਂ ਤੇ ਕਿਹੜਾ ਰੱਬ ਹੈ?"– ਸਾਧੂਆਂ ਨੇ ਪੁਛਿਆ◉

ਜਦੋਂ ਗੁਰੂ ਸਾਹਿਬ ਵਖਿਆਨ ਕਰ ਰਹੇ ਸਨ ਕਿ "**ਦੂਜਾ ਕਉਣੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥**" ਸਿਰਫ ਇਕੋ ਹੀ ਨਿਰੰਕਾਰ ਵਾਲੀ ਗਲ ਸੁਣ ਕੇ ਸਾਧੂ ਸੰਤ ਹੈਰਾਨ ਸਨ। ਇਹ ਕਿਵੇ ਹੋ ਸਕਦਾ ਹੈ? ਆਹ ਸਰੀਰ, ਆਹ ਕੁੱਤਾ, ਆਹ ਬਿੱਲਾ, ਆਹ ਰੁੱਖ ਦਰੱਖਤ, ਕਿੰਨੀ ਹੀ ਵੰਨਗੀ ਹੈ? ਇਹ ਇੱਕ ਕਿਵੇ ਹੋ ਗਏ। ਗੁਰੂ ਸਾਹਿਬ ਨੇ ਸਮਝਾਇਆ ਇਹ ਸਭ ਏਕੇ ਦਾ ਹੀ ਰੂਪ ਹੈ, ਏਕੇ ਦਾ ਹੀ ਪਸਾਰਾ ਹੈ। ਉਸ ਏਕੇ ਦੀ ਹੀ ਉਤਪਤੀ ਹੈ।

ਵਿਚੋਂ ਕੁਝ ਸਾਧੂ ਹੱਸ ਪਏ। ਲਓ ਭਈ ਆਹ ਸਭ ਕੁਝ ਰੱਬ ਹੀ ਹੈ: ਕੁੱਤਾ- ਬਿਲਾ, ਗੰਦ- ਮੰਦ, ਸੂਰ ਸਿਆਰ? ਗੁਰੂ ਸਾਹਿਬ ਨੇ ਸਮਝਾਇਆ ਕਿ ਹਾਂ ਇਹ ਸਭ ਰੱਬ ਦੀ ਹੀ ਰਚਨਾ ਹੈ। ਜੀਵ ਦਾ ਸੁਚੇਤ ਮਨ-ਚਿਤ ਉਹ ਈਸ਼ਵਰ ਆਪ ਹੀ ਹੈ ਜਿਸ ਤੇ ਹਉਮੈ ਦਾ ਰੰਗ ਚੜਿਆ ਹੈ।

ਨਿਰੰਕਾਰ ਨੇ ਸਭ ਸ੍ਰਿਸਟੀ ਸਾਜੀ ਹੈ: ਇਹ ਮਾਇਆ ਮੈਟਰ (matter), ਸਭ ਕੁਝ, ਜੋ ਕੁਝ ਵੀ ਸਾਨੂੰ ਦਿਸ ਰਿਹਾ ਹੈ। ਹਉਮੈ ਭਾਵ ਕਾਮ ਕ੍ਰੋਧ ਲੋਭ ਮੋਹ ਹੰਕਾਰ ਨੇ ਇਸ ਮਾਇਆ ਰੂਪੀ ਸੰਸਾਰ ਨੂੰ ਨਿਰੰਕਾਰ ਤੋਂ ਵੱਖ ਕਰ ਰੱਖਿਆ ਹੈ। ਫਿਰ ਇਸ ਹਉਮੈ ਕਰਕੇ ਹੀ ਜੀਵ ਦੁੱਖ ਪਾਉਦਾ ਹੈ; ਚਿੰਤਾ ਆਦਿ।

ਫਿਰ ਸਾਧੂਆਂ ਪੁੱਛਿਆ ਕਿ ਤੁਹਾਨੂੰ ਦੂਜਾ ਕੁਝ ਵੀ ਨਜਰ ਆਉਦਾ

ਪੈਰ ਸਫਾ

◉ ਜਨਮਸਾਖੀਆਂ ਵਿਚ ਇਥੇ ਮੱਛ ਦੀ ਸਵਾਰੀ ਦਾ ਵੀ ਜਿਕਰ ਕੀਤਾ ਹੈ। ਵੇਖੋ ਭਾਈ ਮਨੀ ਸਿੰਘ ਪੰਨਾ- 451



ਗੁਰੂ ਨਾਨਕ ਧਾਮ ਰਮੇਸ਼ਵਰਮ

ਹੈ? ਗੁਰੂ ਸਾਹਿਬ ਨੇ ਕਿਹਾ ਨਹੀ ਭਾਈ ਮੈਨੂੰ ਹਰ ਜੀਅ ਵਸਤੂ ਵਿਚ ਕਰਤੇ ਦੀ ਕਾਰ ਨਜਰ ਆ ਰਹੀ ਹੈ।

ਕਿ ਹਿੰਦੂ ਦਾ ਰੱਬ ਵੀ ਓਹੋ ਤੇ ਮੁਸਲਮਾਨਾਂ, ਈਸਾਈਆਂ, ਬੋਧੀਆਂ, ਜੈਨੀਆਂ ਸਭ ਦਾ ਰੱਬ ਇਕੋ? ਸਾਹਿਬ ਨੇ ਕਿਹਾ ਹਾਂ ਭਈ ਹਾਂ। ਇਹ ਹਿੰਦੂ ਇਹ ਮੁਸਲਮਾਨ - ਰਾਹ ਦੋ ਹਨ ਜੇ ਅਨੇਕਾਂ ਹੋ ਸਕਦੇ ਹਨ ਪਰ ਨਿਸ਼ਾਨਾ ਇੱਕ ਹੈ।

ਫਿਰ ਬਾਬੇ ਨੇ ਮਰਦਾਨੇ ਨੂੰ ਸੁਚੇਤ ਕੀਤਾ ਤੇ ਸ਼ਬਦ ਗਾਵਿਆ:-

ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥ ਦੂਜਾ ਕਉਣੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥ ਦੂਜੀ ਦੁਰਮਤਿ ਆਖੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥੨॥ ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥੩॥ ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥ ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋ ਕਉ ਏਕੁ ਬੁਝਾਇਆ ॥੫॥ ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥ ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥੭॥ ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥ ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥

ਫਿਰ ਸਾਧੂਆਂ ਸਵਾਲ ਕਰ ਦਿੱਤਾ ਕਿ ਠੀਕ ਹੈ ਆਹ ਸਭ ਓਸੇ ਇੱਕ ਦੀ ਰਚਨਾ ਹੈ ਪਰ ਓਹ ਚੰਦ ਉਹ ਸੂਰਜ ਕੌਣ ਹਨ? ਸਾਹਿਬ ਨੇ ਸਮਝਾਇਆ ਕਿ ਨਿਰੇ ਸੂਰਜ ਚੰਦਰਮਾ ਹੀ ਨਹੀ ਬੇਅੰਤ ਗ੍ਰਿਹ ਸਭ ਓਸੇ ਦੀ ਹੀ ਰਚਨਾ ਹੈ। ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥ ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥

ਇਥੋਂ ਦੇ ਕੁਝ ਪੰਡਿਆਂ ਨੇ ਫਿਰ ਸਿੱਖੀ ਗ੍ਰਿਹਣ ਕੀਤੀ ਤੇ ਗੁਰੂ ਸਾਹਿਬ ਦੇ ਚਰਨਾਂ ਦੇ ਨਿਸ਼ਾਨ (ਚਰਨ ਪਾਦੁਕਾ) ਹਾਸਲ ਕੀਤੀ। ਪੰਜਾਬ ਤੋਂ ਦੂਰੀ ਹੋਣ ਕਰਕੇ ਫਿਰ ਇਥੇ ਸਿੱਖੀ ਪ੍ਰਫੁਲਤ ਨਾਂ ਹੋ ਸਕੀ। ਵਕਤ ਪਾ ਕੇ ਚਰਨ- ਪਾਦੁਕਾ ਧਰਮਸ਼ਾਲਾ ਫਿਰ ਉਦਾਸੀਆ ਦੇ ਕਬਜੇ ਵਿਚ ਗਈ। ਸੁਣਿਐ ਹੈ ਅੱਜ ਓਥੇ ਗੁਰਦੁਆਰਾ ਸਾਹਿਬ ਉਦਾਸੀ ਮੱਠ ਮੌਜੂਦ ਹੈ ਜਿਸਦੀ 1992 ਵਿਚ ਕਾਰ ਸੇਵਾ ਹੋਈ ਸੀ। ਇਸ ਇਲਾਕੇ ਵਿਚ ਪੈਰ ਪੈਰ ਤੇ ਮੰਦਰ ਹੈ।

ਇਥੋਂ ਗੁਰੂ ਸਾਹਿਬ ਨੇ ਨੇਗੰਭੋ ਬੰਦਰਗਾਹ ਜੋ ਰਾਜਾ ਸ਼ਿਵਨਾਭ ਦੀ ਰਾਜਧਾਨੀ ਕੋਟੇ (ਕੋਲੰਬੋ) ਦੇ ਲਾਗੇ ਸੀ ਜਾਣਾ ਸੀ ਪਰ ਬੇੜਾ ਅਜੇ ਵੀ ਜਾਣ ਲਈ ਕੋਈ ਤਿਆਰ ਨਹੀ ਸੀ। ਬਾਬੇ ਨੇ ਇਲਾਕਾ ਸਾਰਾ ਗਾਹ ਹੀ ਲਿਆ ਸੀ। ਮਰਦਾਨਾ ਆਪਣੀਆਂ ਸਲਾਹਾਂ ਦਈ ਜਾਏ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆਂ ਅੱਖਾਂ ਮੀਟ ਤੇ ਜਪ ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਗੁਰਪ੍ਰਸਾਦਿ॥ ਇਹ ਜਾਪ ਕਰਦੇ ਕਰਦੇ ਫਿਰ ਮਰਦਾਨੇ ਨੇ ਅੱਖਾਂ ਖੋਲੀਆਂ ਇਧਰ ਉਧਰ ਸਮੁੰਦਰ ਵਿਚ ਝਾਕਿਆ ਤਾਂ ਡੱਬਣਾ ਸ਼ੁਰੂ ਹੋ ਗਿਆ। ਦੁਹਾਈ ਦਿੱਤੀ "ਬਾਬਾ ਮੈਨੂੰ ਬਚਾ ਲੈ।" ਗੁਰੂ ਸਾਹਿਬ ਨੇ ਫਿਰ ਬਾਹੋਂ ਫੜ੍ਹ ਉਪਦੇਸ ਦਿੱਤਾ ਭਈ ਉਸ ਨਿਰੰਕਾਰ ਦਾ ਨਾਮ ਜਪੋ ਜੋ ਸਾਰੀ ਲੋਕਾਈ ਸਾਰੇ ਸਮੁੰਦਰਾਂ ਧਰਤੀਆਂ ਨੂੰ ਸਾਜਣ ਵਾਲਾ ਹੈ। ਫਿਰ ਮੂਲ ਪਾਠ ਸ਼ੁਰੂ ਹੋ ਗਇਆ ਤੇ ਬਾਬਾ ਪਹੁੰਚ ਗਇਆ ਕੋਟੇ ਸ਼ਹਿਰ।

—▲—

ਪੈੜ ਸਫਾ

**ਕੀ ਤੁਹਾਨੂੰ ਪਤਾ ਹੈ ਗੁਰੂ ਨਾਨਕ/ਗੁਰੂ ਅੰਗਦ ਦੀ ਗੁਰਮੁੱਖੀ ਨੂੰ ਬਦਲਣ ਲਈ ਅੱਜ ਚੁੱਪ ਚੁੱਪੀਤੇ ਕੋਸ਼ਿਸ਼ਾਂ ਹੋ ਰਹੀਆਂ ਨੇ ?**

ਮੋਬਾਈਲ ਅਤੇ ਕੰਪਿਊਟਰ ਤੇ ਟਾਈਪ ਕਰਨ ਦੇ ਜੋ ਸਾਫਟਵੇਅਰ ਪਾਏ ਜਾ ਰਹੇ ਹਨ ਉਨਾਂ ਵਿੱਚ ਗੁਰਮੁੱਖੀ ਨੂੰ ਦੇਵਨਾਗਰੀ ਦੇ ਤੌਰ ਤੇ ਪੇਸ਼ ਕੀਤਾ ਹੈ। ੳ ਅ ੲ ਸ ਹ ਦੀ ਮੁਹਾਰਨੀ ਦੀ ਥਾਂ ਤੇ ਕਾਅ ਖਾਅ ਗਾਅ ਆ ਗਇਆ ਹੈ। ਯੂਨੀਕੋਡ ਫੋਂਟ ਦਾ ਜੋ ਸੌਫਟਵੇਅਰ ਬਣਾਇਆ ਗਇਆ ਹੈ ਉਹ ਸਿੱਧਾ ਸਿੱਧਾ ਦੇਵਨਾਗਰੀ ਵਾਲਾ ਹੀ ਗੁਰਮੁੱਖੀ ਤੇ ਲਾਇਆ ਗਇਆ ਹੈ। ਯਾਦ ਰਹੇ ਗੁਰਮੁੱਖੀ ਦੀ ਸਿਫਤ ਹੈ ਅਸੀ ਜਦੋਂ ਮੁਹਾਰਨੀ ਬੋਲਦੇ ਹਾਂ ਕੱਕਾ, ਖੱਖਾ, ਗੱਗਾ ਕਹਿੰਦੇ ਹਾਂ ਤੇ ਦੇਵਨਾਗਰੀ ਵਾਲੇ ਕਾਅ ਖਾਅ ਗਾਅ ਬੋਲਦੇ ਨੇ। ਦੇਵਨਾਗਰੀ ਦੇ ਸ਼ਬਦਾਂ ਵਿੱਚ 'ੲ' ਮੁਕਤਾ ਆ ਸਕਦੀ ਹੈ ਪਰ ਗੁਰਮੁਖੀ ਵਿੱਚ ਨਹੀ ਹੈ। ਏਸੇ ਤਰਾਂ ਪੰਜਾਬੀ ਅੱਖਰਾਂ ਵਿੱਚ ੳ ਮੁਕਤਾ ਨਹੀ ਹੋ ਸਕਦਾ ਪਰ ਦੇਵਨਾਗਰੀ ਵਿੱਚ ਹੁੰਦਾ ਹੈ। ਅਸੀ 'ਅ' ਲਿਖ ਕੇ ਬਾਦ ਵਿੱਚ 'ਾ' ਕੰਨਾ ਜਾਂ ੇ ਲਾਵਾਂ ਲਾਉਦੇ ਹਾਂ ਪਰ ਦੇਵਨਾਗਰੀ ਵਿੱਚ ਇਕੱਠਾ ਹੈ। ਆਰ ਐਸ ਐਸ ਨੇ ਸ਼ੈਤਾਨੀ ਕਰਕੇ ਜੋ ਯੂਨੀਕੋਡ ਫੋਂਟ ਬਣਵਾਇਆ ਹੈ ਉਸ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਹੀ ਬਣਾ ਦਿੱਤਾ ਗਇਆ ਹੈ ਸਿਰਫ ਅੱਖਰਾਂ ਦਾ ਸਰੂਪ ਗੁਰਮੁੱਖੀ ਹੈ। ਇਸ ਦਾ ਨਤੀਜਾ ਪੰਜਾਬੀ ਵਾਸਤੇ ਬਹੁਤ ਘਾਤਕ ਨਿਕਲ ਰਿਹਾ ਹੈ। ਮਿਸਾਲ ਦੇ ਤੌਰ ਤੇ ਹੁਣ ਇੰਟਰਨੈਟ ਦਾ ਜਮਾਨਾ ਹੈ ਜਿਸ ਦੀ ਮਾਂ ਬੋਲੀ ਅੰਗਰੇਜੀ ਹੈ। ਕੰਪਿਊਟਰ ਫਿਰ ਲੋੜ ਅਨੁਸਾਰ ਅੰਗਰੇਜੀ ਨੂੰ ਗ੍ਰਾਹਕ ਦੀ ਬੋਲੀ ਵਿੱਚ ਬਦਲ ਦਿੰਦਾ ਹੈ। ਜਦੋਂ ਫਿਰ ਅੰਗਰੇਜੀ ਵਿੱਚ ਲਿਖੇ ਨਾਵਾਂ ਨੂੰ ਪੰਜਾਬੀ ਵਿੱਚ ਬਦਲਿਆ ਜਾਂਦਾ ਹੈ ਤਾਂ ਗੁਰਮੁਖੀ ਲਿਪੀ ਦਾ ਜਲੂਸ ਨਿਕਲ ਜਾਂਦਾ ਹੈ। ਕਿਉਕਿ ਕੰਪਿਊਟਰ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਦਾ ਹੀ ਇਕ ਫੋਂਟ ਮੰਨ ਲਿਆ ਗਇਆ ਹੈ। ਕਿਉਕਿ ਯੂਨੀਕੋਡ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਹੀ ਬਣਾ ਦਿੱਤਾ ਗਇਆ ਹੈ ਜਿਸ ਦਾ ਨਤੀਜਾ ਵੇਖੋ ਕੀ ਨਿਕਲਦਾ ਹੈ। ਕਿਉਕਿ ਅਧਿਕ ( ੱ) ਹਿੰਦੀ ਵਿੱਚ ਨਹੀ ਹੈ ਤੇ ਉਥੇ ਅੱਖਰ ਹੀ ਦੋ ਦੋ ਦਿੱਤੇ ਜਾਂਦੇ ਹਨ। ਫਿਰ ਦੇਵਨਾਗਰੀ ਦੀ 'ੲ' ਮੁਕਤਾ ਵੀ ਹੋ ਸਕਦੀ ਹੈ।

25 ਸਫੇ ਦੀ ਬਾਕੀ ਪੈੜ

ਜਦੋਂ ਤੁਸੀ ਗੂਗਲ ਨਕਸ਼ਾ ਪੰਜਾਬੀ ਵਿੱਚ ਵਰਤਦੇ ਹੋ ਤਾਂ ਪੰਜਾਬੀ ਵਿੱਚ ਸ਼ਹਿਰਾਂ ਦੇ ਨਾਂ ਦਾ ਮਖੌਲ ਜਿਹਾ ਬਣ ਜਾਂਦਾ ਹੈ। ਮਿਸਾਲ ਦੇ ਤੌਰ ਗੁਜਰਾਤ ਦੇ ਕੁਝ ਸ਼ਹਿਰ ਵੇਖੋ: ਸ਼ਹਿਰ ਦਾ ਨਾਂ ਹੈ Tulsishyam ਗੂਗਲ ਜਦੋਂ ਉਨੂੰ ਪੰਜਾਬੀ ਵਿੱਚ ਕੰਨਵਰਟ ਕਰਦਾ ਹੈ ਤਾਂ ਨਾਂ ਬਣ ਜਾਂਦਾ ਹੈ: ਤੁਲ੍ਸਿਸ਼ਯਮ (ਯ ਇਸ ਵਿੱਚ ਵੀ ਅੱਧਾ ਪਾਇਆ ਹੋਇਆ ਹੈ) ਹੋਰ ਵੇਖੋ Junagarh ਨੂੰ ਜਦੋਂ ਪੰਜਾਬੀ ਬਣਾ ਦਿੰਦਾ ਹੈ :- ਜੂਨਾਗਧ। ਕਿਉਕਿ ਦੇਵਨਾਗਰੀ ਵਿੱਚ ੜ ਅੱਖਰ ਹੈ ਨਹੀ। Vallabhipur (ਵੱਲਭੀਪੁਰ) ਦਾ ਬਣ ਜਾਂਦਾ ਹੈ ਵਲਲ੍ਭਿਪੁਰ। Limbdi (ਲਿੰਬੜੀ) ਦਾ ਬਣ ਜਾਂਦਾ ਹੈ ਲਿਮ੍ਬ੍ਦੀ।

ਹੁਣ ਯੂ.ਪੀ ਦੇ ਕੁਝ ਇਕ ਸ਼ਹਿਰਾਂ ਦੇ ਨਾਵਾਂ ਦਾ ਵੇਖੋ ਕੀ ਬਣਦਾ ਹੈ:-

ਬੁਲੰਦਸ਼ਹਿਰ -ਬੁਲਾਨ੍ਦ੍ਸ਼ਾਹਰ, ਅਲੀਗੜ੍ਹ - ਅਲੀਗਢ (ਢ ਦੇ ਪੈਰੀ ਬਿੰਦੀ ਵੀ ਪਈ ਹੋਈ ਹੈ) ਜੱਤਾਰੀ - ਜਤ੍ਤਾਰੀ। ਕੋਟਦਵਾਰ -ਕੋਤ੍ਦਵਾਰ (ਇਥੇ ਵ ਵੀ ਅੱਧਾ ਪਿਆ ਹੋਇਆ ਹੈ) ਠਾਕਰਦਵਾਰਾ -ਥਾਕੁਰਦਵਾਰਾ (ਇਥੇ ਵ ਵੀ ਅੱਧਾ ਪਿਆ ਹੋਇਆ ਹੈ) ਤਲੱਈਆ - ਤਲ੍ਏਈਯਾ। (ਯਾਦ ਰਹੇ ਪੰਜਾਬੀ ਵਿੱਚ ੲ ਮੁਕਤਾ ਹੋ ਹੀ ਨਹੀ ਸਕਦੀ)

ਹੋਰ ਵੇਖੋ ਭਾਈ ਕਾਨ ਸਿੰਘ ਨਾਭਾ ਦੇ ਮਹਾਨ ਕੋਸ਼ ਦੀ ਵੈਬਸਾਈਟ ਤੇ ਜੋ ਮੁਹਾਰਨੀ ਦਿੱਤੀ ਗਈ ਹੈ। ਇਹ ਵੈਬਸਾਈਟ ਵੀ ਫਿਰਕਾਪ੍ਰਸਤਾਂ ਨੇ ਬਣਵਾਈ ਹੈ ਕੁਝ ਵਿਕਾਊ ਪੰਜਾਬੀ ਵਿਦਵਾਨਾਂ ਨੂੰ ਖਰੀਦ ਕੇ। ਵੇਖੋ ੳ ਅ ੲ ਸ ਹ ਦਾ ਕਰ ਦਿੱਤਾ ਗਇਆ ਅ ਆ ਇ ਈ ਉ ਊ।

ਸੋ ਗੁਰਮੁਖੀ ਨੂੰ ਦੇਵਨਾਗਰੀ ਬਣਾਉਣ ਦੀਆਂ ਕੋਸ਼ਸ਼ਾਂ ਇੱਦੇ ਵੱਡੇ ਪੱਧਰ ਤੇ ਹੋਰ ਰਹੀਆਂ ਹਨ। ਜੋ ਸਰਾਸਰ ਕੱਟੜਵਾਦ ਅਤੇ ਪੰਜਾਬੀ ਸਭਿਆਚਾਰ ਤੇ ਹਮਲਾ ਹੈ ਜਿਸ ਦੀ ਅਸੀ ਸਖਤ ਖੰਡਨਾਂ ਕਰਦੇ ਹਾਂ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਇਸ ਗੱਲ ਦਾ ਨੋਟਿਸ ਲੈ ਕੇ ਪੰਜਾਬੀ ਦਾ ਸੁਤੰਤਰ ਯੂਨੀਕੋਡ ਫੋਂਟ ਤਿਆਰ ਕਰਨਾਂ ਚਾਹੀਦਾ ਹੈ ਜਿਵੇ ਤਮਿਲ, ਤੈਲਗੂ, ਆਦਿ ਦੇ ਹਨ।

ਬਾਬ-45

## ਦੂਸਰੀ ਉਦਾਸੀ ਭਾਗ-2

# ਸਿੰਗਲਾਦੀਪ 'ਚ ਜਾ ਗਰਜਿਆ ਸਿੰਘ

**ਕੋਟੇ ਦੇ ਬਾਗ ਵਿਚ ਜਾ ਉਤਰੇ–** ਰਮੇਸ਼ਵਰਮ ਤੋਂ ਜਦੋਂ ਕੋਈ ਬੇੜਾ ਨਾਂ ਮਿਲਿਆ ਤਾਂ ਜਨਮ ਸਾਖੀਆਂ 'ਚ ਆਉਦਾ ਹੈ ਕਿ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਲੈ ਸਤਿਨਾਮ ਸਤਿ ਕਰਤਾਰ ਦਾ ਨਾਂ, ਮੀਟ ਅੱਖਾਂ। ਜਿਵੇ ਗੁਰੂ ਸਾਹਿਬ ਕਿਹਾ ਸੀ ਮਰਦਾਨੇ ਨੇ ਇਸ ਤਰਾਂ ਕੀਤਾ। ਵਿੱਚ ਮਰਦਾਨਾ ਨਿਰੰਕਾਰ ਦਾ



ਕਿਲੇ ਦੇ ਬਾਹਰ ਜਦੋਂ ਉਜੜੇ ਹੋਏ ਬਾਗ ਵਿਚ ਬਹਾਰ ਆਈ ਤਾਂ ਮਾਲੀ ਸ਼ਰਨ ਵਿਚ ਆਇਆ।(ਬੀ:40 ਤਸਵੀਰ)

ਧਿਆਨ ਛੱਡ ਕੇ ਆਪਣੇ ਸੁਫਨੇ ਲੈਣ ਲੱਗਾ ਤੇ ਡੁੱਬਣਾ ਸ਼ੁਰੂ ਹੋਇਆ। ਦੁਹਾਈ ਦਿੱਤੀ, "ਬਾਬਾ ਮੈਂ ਡੁੱਬਾ।" ਗੁਰੂ ਸਾਹਿਬ ਨੇ ਉਨੂੰ ਫਿਰ ਸੁਚੇਤ ਕੀਤਾ ਕਿ ਵਾਹਿਗੁਰੂ ਵਾਹਿਗੁਰੂ ਜੱਪ। ਮਰਦਾਨਾ ਫਿਰ ਮੰਜਲ ਤੇ ਸੀ।

ਪਲਾਂ ਵਿੱਚ ਹੀ ਸਾਹਿਬ ਤੇ ਮਰਦਾਨਾ ਸਿੰਘਲਾਦੀਪ ਦੀ ਰਾਜਧਾਨੀ ਕੋਟੇ ਵਿੱਚ ਸਨ (ਅੱਜ ਦੇ ਕੋਲੰਬੋ ਦੇ ਐਨ ਨਾਲ ਹੀ ਸ਼ਹਿਰ ਸੀ) ਖੜੇ ਸਨ। ਲੰਕਾ ਜਾਂ ਸਿੰਘਲਾਦੀਪ ਦਾ ਨਾਂ ਭਾਰਤ ਦਾ ਬੱਚਾ ਬੱਚਾ ਜਾਣਦਾ ਹੈ। ਉਹ ਲੰਕਾ ਜਿਥੋਂ ਦਾ ਰਾਜਾ ਰਾਵਣ ਭਗਵਾਨ ਰਾਮ ਦੀ ਪਤਨੀ ਸੀਤਾ ਨੂੰ ਕੱਢ ਕੇ ਲੈ ਗਇਆ ਸੀ। ਬਾਦ ਵਿੱਚ ਰਾਮ ਤੇ ਰਾਵਣ ਦਾ ਯੁੱਧ ਹੁੰਦਾ ਹੈ। ਦਸਾਂ ਸਿਰਾਂ ਵਾਲਾ ਰਾਵਣ ਮਾਰਿਆ ਜਾਂਦਾ ਹੈ। ਰਾਵਣ ਦੇ ਮਰਨ ਦੇ ਦਿਨ ਤੇ ਹਿੰਦੂ ਦੁਸਹਿਰਾ ਸਾੜਦੇ ਹਨ। ਲੰਕਾ ਤੋਂ ਅਯੁਧਿਆ ਵਾਪਸ ਪਰਤਣ ਵਾਲੇ ਦਿਨ ਤੇ ਲੋਕ ਦੀਵਾਲੀ ਮਨਾਉਦੇ ਹਨ।

ਮਰਦਾਨੇ ਨੇ ਜਦੋਂ ਉਥੋਂ ਦੇ ਵਸਨੀਕ ਵੇਖੇ ਤਾਂ ਡਰ ਗਿਆ। ਕਹਿਣ ਲੱਗਾ ਬਾਬਾ ਜੀ ਇਹ ਤਾਂ ਰਾਖਸ ਦਿਸਦੇ ਨੇ। ਗੁਰੂ ਸਾਹਿਬ ਨੇ ਮਰਦਾਨੇ ਨੂੰ ਹੌਸਲਾ ਦਿੱਤਾ ਕਿ ਇਥੇ ਕੋਈ ਨਹੀ ਤੈਨੂੰ ਖਾਏਗਾ।

ਸਾਹਿਬ ਸ੍ਰੀ ਜੈਵਰਧਨਾਪੁਰੇ ਕੋਟੇ ਕਿਲੇ ਲਾਗੇ ਪਹੁੰਚ ਹੋਏ ਸਨ। ਜਿੱਥੇ ਅੱਜ ਕੋਲੰਬੋ ਹੈ ਲੱਗਪਗ ਇਥੇ ਹੀ ਕੋਟੇ (ਕਿਲਾ) ਸੀ।◈ ਜਿਹਦੇ ਖੰਡਰ ਅੱਜ ਵੀ ਮੌਜੂਦ ਨੇ। ਇਹ ਜਲ ਦੁਰਗ ਸੀ। ਗੁਰੂ ਸਾਹਿਬ ਨੇ ਕਿਲੇ ਦੇ ਦਰਵਾਜੇ ਦੇ ਬਾਹਰਵਾਰ ਸੜ੍ਹਕ ਲਾਗੇ ਇੱਕ ਖੰਡਰ ਪਈ ਹਵੇਲੀ ਜਿਹੀ ਖੁੱਲੀ ਥਾਂ ਤੇ ਡੇਰਾ ਜਮਾ ਲਿਆ। ਬਾਬੇ ਦੀ ਉੱਚੀ ਸੁਰ ਤੇ ਮਰਦਾਨੇ ਦੀ ਰਬਾਬ ਹਰ ਆਉਦੇ ਜਾਂਦੇ ਦਾ ਧਿਆਨ ਖਿੱਚ ਰਹੀ ਸੀ। ਉਸ ਉਜੜੀ ਹੋਈ ਹਵੇਲੀ ਵਿਚ ਇਸ ਚਹਿਲ ਪਹਿਲ ਕਾਰਨ ਮਾਨੋ ਜਾਨ ਆ ਗਈ।

ਕਿਲੇਦਾਰ ਨੂੰ ਜਿਵੇ ਪਤਾ ਲੱਗਾ ਕਿ ਦੋ ਸਾਧੂ ਕਿਲੇ ਲਾਗੇ ਆ ਬੈਠੇ ਹਨ ਤਾਂ ਉਸ ਨੇ ਤੁਰੰਤ ਸੂਹੀਆਂ ਨੂੰ ਭੇਜਿਆ ਕਿ ਪਤਾ ਕਰੋ ਕਿਤੇ ਕੋਈ ਕਿਲੇ ਦੀ ਸੂਹ ਲੈਣ ਲਈ ਦੁਸ਼ਮਣ ਦੇ ਬੰਦੇ ਤਾਂ ਨਹੀ ਆ ਬੈਠੇ। ਸੂਹੀਆਂ ਨੂੰ ਗੁਰੂ ਸਾਹਿਬ ਨੇ ਦੱਸਿਆ ਕਿ ਅਸੀ ਦੂਰ ਦੇਸ਼ ਲਹੌਰ ਤੋਂ ਆਏ ਹਾਂ। ਗੁਰੂ ਸਾਹਿਬ ਨੇ ਕਿਲੇਦਾਰ ਨੂੰ ਦੱਸਿਆ ਕਿ ਲਹੌਰ ਦਾ ਹੀ ਇੱਕ ਵਪਾਰੀ ਨਾਂ: ਮਨਸੁੱਖ ਇਥੇ ਅਕਸਰ ਆਉਦਾ ਜਾਂਦਾ ਰਹਿੰਦਾ ਹੈ ਤੇ ਬਾਦਸ਼ਾਹ ਨੇ ਉਸ ਰਾਂਹੀ ਸਾਨੂੰ ਮਿਲਣ ਲਈ ਸੱਦਿਆ ਹੈ।

ਕਿਲੇਦਾਰ ਨੇ ਸੁਨੇਹਾ ਬਾਦਸ਼ਾਹ ਤੱਕ ਪਹੁੰਚਾਇਆ। ਬਾਦਸ਼ਾਹ ਨੇ ਹੁਕਮ ਕਰਕੇ ਗੁਰੂ ਸਾਹਿਬ ਹੁਰਾਂ ਨੂੰ ਕਿਲੇ ਅੰਦਰ ਸੱਦ ਲਿਆ ਤੇ ਮਹਿਲਾਂ ਦੇ ਬਾਹਰ ਮਹਿਮਾਨਾਂ ਲਈ ਬਣੀ ਥਾਂ ਤੇ ਸਾਹਿਬ ਦਾ ਟਿਕਾਣਾ ਕਰਵਾ ਦਿੱਤਾ। ਬਾਦਸ਼ਾਹ ਬੋਧੀ ਭਿਕਸ਼ੂਆਂ, ਬ੍ਰਾਹਮਣਾਂ ਤੇ ਜੋਗੀ ਸਾਧੂਆਂ ਦੇ ਕਿਰਦਾਰ ਤੋਂ ਵਾਕਫ ਸੀ। ਉਸ ਨੇ ਝੱਟ ਸੁੰਦਰੀਆਂ (ਵਿਸ਼ ਕੰਨਿਆਵਾਂ) ਨੂੰ ਹੁਕਮ ਕਰ ਦਿੱਤਾ ਕਿ ਜਾ ਕੇ ਸਾਧੂਆਂ ਦੀ ਆਉ ਭਗਤ ਕਰੋ ਮਤਲਬ ਸਾਧੂਆਂ ਦੀ ਪ੍ਰੀਖਿਆਂ ਲਵੋ ਕਿ ਕਾਮ ਵਾਸ਼ਨਾ ਤੇ ਆ ਕੇ

ਪੈੜ ਸਫਾ

⊙ ਕੋਟੇ ਭਾਵ ਕਿਲਾ। ਲੰਕਾ ਵਿੱਚ ਇੱਕ ਹੀ ਕੋਟੇ ਮਸ਼ਹੂਰ ਹੈ ਤੇ ਉਹ ਹੈ ਜੈਵਰਧਨੇਪੁਰਾ ਕੋਟੇ। ਕਲੰਬੋ ਦੇ ਨਾਲ ਹੀ 9 ਕਿ. ਮੀ ਦੱਖਣ ਪੂਰਬ। ਅੱਜ ਕਲ੍ਹ ਤਾਂ ਕਲੰਬੋ ਦੇ ਵਿਚ ਹੀ ਆ ਚੁੱਕਾ ਹੈ।

◈ ਗਿਆਨੀ- 165 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਦਾ ਰਾਜਾ ਸ਼ਿਵਨਾਭ ਨਾਲ ਮੇਲ ਉਹਦੇ ਸ਼ਹਿਰ (ਰਾਜਧਾਨੀ) ਮੱਟੀਆਕਲਮ (ਬੈਟੀਕਲੋਆ) ਵਿਖੇ ਹੋਇਆ ਸੀ। ਜਦੋਂ ਕਿ ਇਤਹਾਸ ਦੱਸਦਾ ਹੈ ਕਿ 16 ਸਦੀ ਦੇ ਸ਼ੁਰੂ ਵਿੱਚ ਪਰਾਕਾਰਾਮਾਬਾਹੂ ਰਾਜਿਆ ਦੀ ਰਾਜਧਾਨੀ ਕੋਟੇ ਜੈਵਰਧਨਪੁਰਾ ਹੀ ਸੀ। ਇਹ ਗਲ ਵੀ ਕਿਸੇ ਸੂਰਤ ਵਿੱਚ ਨਹੀ ਮੰਨੀ ਜਾ ਸਕਦੀ ਕਿ ਰਾਜਾ ਨੇ ਆਰਜੀ ਤੌਰ ਤੇ ਰਾਜਧਾਨੀ ਬੈਟੀਕਲੋਆ ਬਣਾਈ ਹੋਈ ਸੀ। ਨਾਲੇ ਰਾਜੇ ਦੇ ਮਹਿਲਾਂ ਤੇ ਬਾਕੀ ਸਾਰੇ ਆਲੇ ਫਾਲੇ ਦਾ ਜਿਕਰ ਹੈ। ਕਿਲ੍ਹੇ ਦਾ ਵੀ ਜਿਕਰ ਹੈ। ਉਹ ਸਿਰਫ ਕੋਟੇ ਹੀ ਹੋ ਸਕਦਾ ਹੈ। ਅਮਨ ਅਮਾਨ ਦੇ ਦਿਨਾਂ ਵਿੱਚ ਰਾਜਾ ਰਾਜਧਾਨੀ ਤੋਂ ਗੈਰ ਹਾਜਰ ਨਹੀ ਹੋ ਸਕਦਾ ਸੀ ਕਿਉਕਿ ਨੇੜੇ ਹੀ ਪੁਰਤਗਾਲੀਆਂ ਨੇ 1505 ਵਿੱਚ ਆ ਡੇਰਾ ਜਮਾ ਲਿਆ ਸੀ। ਨਾਲੇ ਮੁਖ ਮਸਲਾ ਦਾਲਚੀਨੀ ਤੇ ਕਾਲੀ ਮਿਰਚ ਦੇ ਵਪਾਰ ਦਾ ਸੀ ਤੇ ਉਹਦਾ ਕੇਂਦਰ ਕੋਟੇ ਜਾਂ ਕੋਟੇ ਲਾਗੇ ਹੀ ਸੀ। ਇਹ ਵੀ ਸਬੂਤ ਮਿਲਦੇ ਹਨ ਕਿ ਰਾਜਾ ਖੁਦ ਵੀ ਉਹ ਵਪਾਰ ਕਰਦਾ ਸੀ।

ਬਹੁਤੇ ਇਤਹਾਸਕਾਰਾਂ ਨੇ ਗੁਰੂ ਸਾਹਿਬ ਦਾ ਲੰਕਾ ਦੀ ਉਦਾਸੀ ਜਾਫਨਾ ਵਾਲੇ ਪਾਸਿਓ ਸ਼ੁਰੂ ਕਰਨ ਦਾ ਲਿਖਿਆ ਹੈ। ਪਰ ਯਾਦ ਰਹੇ ਗੁਰੂ ਸਾਹਿਬ ਪ੍ਰਚਾਰ ਰਾਜਨੀਤਕ ਕੇਂਦਰ ਜਾਂ ਧਾਰਮਿਕ ਕੇਂਦਰ ਤੋਂ ਸ਼ੁਰੂ ਕਰਦੇ ਸਨ। ਨਾਲੇ ਇਥੇ ਤਾਂ ਪਹਿਲਾ ਨਿਸ਼ਾਨਾ ਰਾਜਾ ਸ਼ਿਵਨਾਭ ਸੀ ਜਿਸ ਬਾਬਤ ਮਨਸੁਖ ਬਾਣੀਏ ਨੇ ਸੁਨੇਹਾ ਦਿੱਤਾ ਸੀ। ਮਤਲਬ ਕਿ ਜਦੋਂ ਗੁਰੂ ਸਾਹਿਬ ਨੇ ਇਲਾਕੇ ਦੀ ਵੱਡੀ ਬੰਦਰਗਾਹ ਤੋਂ ਬੇੜਾ ਫੜਨਾ ਹੀ ਸੀ ਤਾਂ ਉਹ ਕੋਲੰਬੋ ਨੂੰ ਜਾਣ ਵਾਸਤੇ ਸਾਰੀ ਲੰਕਾ ਦਾ ਪਹਿਲਾਂ ਚੱਕਰ ਕਿਓ ਕੱਟਣਗੇ। ਸੋ ਥੂਥੀਕੁਡੀ ਤੋਂ ਗੁਰੂ ਸਾਹਿਬ ਨੇ ਸਿੱਧਾ ਕੋਟੇ ਦਾ ਬੇੜਾ ਫੜਿਆ ਸੀ। ਜਿੱਥੇ ਲਾਗੇ ਹੀ ਦਾਲਚੀਨੀ ਦਾ ਕੇਂਦਰ ਸੀ ਤੇ ਵੱਡੀ ਬੰਦਰਗਾਹ ਨੇਗੰਬੋ ਸੀ।

ਸਿੰਘਲਾਦੀਪ ਦੀ ਉਦਾਸੀ ਬਾਬਤ ਬੀ-40 ਜਨਮਸਾਖੀ ਵਧੇਰੇ ਸਾਰਥਕ ਹੈ। ਬਾਕੀਆਂ ਨੇ ਮਨਘੜ੍ਹਤ ਗੱਲਾਂ ਕੁਝ ਜਿਆਦਾ ਹੀ ਜੋੜੀਆਂ ਨੇ।



ਰਾਜੇ ਆਪਣੇ ਮਹਿਮਾਨਾਂ ਦੀ ਆਓ ਭਗਤ ਲਈ ਅਮੂਮਨ ਮਹਿਲਾਂ ਵਿਚ ਸੁੰਦਰੀਆਂ ਰੱਖਦੇ ਸਨ। ਇਹ ਮੁਟਿਆਰਾਂ ਸੂਹੀਏ ਦਾ ਕੰਮ ਵੀ ਕਰਦੀਆਂ ਸਨ। (ਬੀ:40 ਤਸਵੀਰ)

ਡਿਗਦੇ ਹਨ ਕਿ ਨਹੀ।

ਸੁੰਦਰੀਆਂ ਵਧੀਆ ਵਧੀਆ ਪਕਵਾਨ ਤੇ ਫਲ ਮੇਵੇ ਲੈ ਕੇ ਹਾਜਰ ਹੋਈਆਂ ਤੇ ਲੱਗੀਆਂ ਗੁਰੂ ਸਾਹਿਬ ਤੇ ਮਰਦਾਨੇ ਦੇ ਚਰਨ ਦਬਾਉਣ। ਗੁਰੂ ਸਾਹਿਬ ਨੇ ਅਜਿਹਾ ਕਰਨ ਤੋਂ ਮਨ੍ਹਾ ਕਰ ਦਿੱਤਾ ਕਿ ਸਾਨੂੰ ਕੋਈ ਥਕਾਵਟ ਨਹੀ ਹੈ। ਜਿਵੇ ਉਨਾਂ ਨੂੰ ਸਿਖਿਆ ਮਿਲੀ ਹੋਈ ਸੀ ਲੱਗੀਆਂ ਹੋਰ ਚੋਹਲ ਮੋਹਲ ਕਰਨ। ਓਥੇ ਫਿਰ ਗੁਰੂ ਸਾਹਿਬ ਨੂੰ ਵੈਰਾਗ ਛੁੱਟਾ ਤੇ ਸ਼ਬਦ ਰਚਿਆ:-

ਜਗੁ ਕਊਆ ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥ ਮਨੂਆ ਡੋਲੈ ਚੀਤਿ ਅਨੀਤਿ ॥ ਜਗ ਸਿਉ ਤੂਟੀ ਝੂਠ ਪਰੀਤਿ ॥੧॥ ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ ਨਾਮ ਬਿਨਾ ਕੈਸੇ ਗੁਨ ਚਾਰੁ ॥੧॥ ਰਹਾਉ ॥ ਘਰੁ ਬਾਲੂ ਕਾ ਘੂਮਨ ਘੇਰਿ ॥ ਬਰਖਸਿ ਬਾਣੀ ਬੁਦਬੁਦਾ ਹੇਰਿ ॥ ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ ॥ ਸਰਬ ਜੋਤਿ ਨਾਮੈ ਕੀ ਚੇਰਿ ॥੨॥ ਸਰਬ ਉਪਾਇ ਗੁਰੂ ਸਿਰਿ ਮੋਰੁ ॥ ਭਗਤਿ ਕਰਉ ਪਗ ਲਾਗਉ ਤੋਰ ॥ ਨਾਮਿ ਰਤੋ ਚਾਹਉ ਤੁਝ ਓਰੁ ॥ ਨਾਮੁ ਦੁਰਾਇ ਚਲੈ ਸੋ ਚੋਰੁ ॥੩॥ ਪਤਿ ਖੋਈ ਬਿਖੁ ਅੰਚਲਿ ਪਾਇ ॥ ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ ॥ ਜੋ ਕਿਛੁ ਕੀਨ੍ਹਸਿ ਪ੍ਰਭੁ ਰਜਾਇ ॥ ਭੈ ਮਾਨੈ ਨਿਰਭਉ ਮੇਰੀ ਮਾਇ ॥੪॥ ਕਾਮਨਿ ਚਾਹੈ ਸੁੰਦਰਿ ਭੋਗੁ ॥ ਪਾਨ ਫੂਲ ਮੀਠੇ ਰਸ ਰੋਗ ॥ ਖੀਲੈ ਬਿਗਸੈ ਤੇਤੋ ਸੋਗ ॥ ਪ੍ਰਭ ਸਰਣਾਗਤਿ ਕੀਨ੍ਹਸਿ ਹੋਗ ॥੫॥ ਕਾਪੜੁ ਪਹਿਰਸਿ ਅਧਿਕੁ ਸੀਗਾਰੁ ॥ ਮਾਟੀ ਫੂਲੀ ਰੂਪੁ ਬਿਕਾਰੁ ॥ ਆਸਾ ਮਨਸਾ ਬਾਂਧੋ ਬਾਰੁ ॥ ਨਾਮ ਬਿਨਾ ਸੂਨਾ ਘਰੁ ਬਾਰੁ ॥੬॥ ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮੁ ਭਣਹੁ ਸਚੁ ਦੋਤੁ ਸਵਾਰਿ ॥ ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥ ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥੭॥ ਮੋਹਨਿ ਮੋਹਿ ਲੀਆ ਮਨੁ ਮੋਹਿ ॥ ਗੁਰ ਕੈ ਸਬਦਿ ਪਛਾਨਾ ਤੋਹਿ ॥ ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥ ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥੮

ਸੁੰਦਰੀਆਂ (ਵਿਸ-ਕੰਨਿਆਵਾਂ) ਦੇ ਵੀ ਇੱਕ ਤਰਾਂ ਨਾਲ ਦਿਲ ਦੇ ਕਿਵਾੜ ਖੁੱਲ ਗਏ। ਕਹਿਣ ਲੱਗੀਆਂ ਤੁਸੀ ਜਗਤ ਨੂੰ ਤਾਰ ਰਹੇ ਹੋ ਸਾਡੇ ਤੇ ਵੀ ਕਿਰਪਾ ਕਰੋ। ਓਥੇ ਫਿਰ ਗੁਰੂ ਸਾਹਿਬ ਨੇ ਸ਼ਬਦ ਰਚਿਆ:

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥ ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥ ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥ ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥ ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥ ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥ ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥

ਵਿਸ-ਕੰਨਿਆਵਾਂ ਨੇ ਝੱਟ ਜਾ ਕੇ ਰਾਜੇ ਨੂੰ ਖਬਰ ਦਿੱਤੀ ਕਿ ਇਹ ਸਾਧੂ ਕੁਝ ਵੱਖਰਾ ਹੈ। ਕਾਮ ਵਾਸ਼ਨਾ ਇਹਨੂੰ ਡੇਗ ਨਹੀ ਸਕੀ। ਸਬਰ ਸੰਤੋਖ ਵਿੱਚ ਹੈ। ਮੁੱਖ ਤੇ ਲਾਲੀ ਹੈ। ਦਰਸ਼ਨ ਕਰਦਿਆਂ ਹੀ ਭੁੱਖ ਲਹਿੰਦੀ ਹੈ। ਮਨ ਨੂੰ ਸਕੂਨ ਜਿਹਾ ਆ ਜਾਂਦਾ ਹੈ।

ਇਹ ਸੁਣ ਰਾਜੇ ਨੂੰ ਫਿਰ ਥੋੜਾ ਧਿਆਨ ਆਉਣਾ ਸ਼ੁਰੂ ਹੋਇਆ ਕਿ ਹਾਂ ਇੱਕ ਆਇਆ ਸੀ ਵਪਾਰੀ ਲਹੌਰ ਤੋਂ, ਜਿਸ ਤੇ ਸ਼ੱਕ ਹੋ ਗਇਆ ਸੀ ਕਿ ਉਹ ਕੋਈ ਸੂਹੀਆ ਹੈ ਕਿਉਕਿ ਨਾਂ ਤਾਂ ਉਹਨੂੰ ਬੋਧੀ ਰਸਮਾਂ ਦਾ ਪਤਾ ਸੀ, ਨਾਂ ਹੀ ਮੁਸਲਮਾਨਾਂ ਦਾ ਤੇ ਉਹ ਹਿੰਦੂ ਰਸਮਾਂ ਤੇ ਕਰਮ ਕਾਂਡ ਵੀ ਨਹੀ ਸੀ ਕਰਦਾ। ਉਹ ਨਾਂ ਕਿਸੇ ਦੇਵੀ ਜਾਂ ਦੇਵਤਾ ਨੂੰ ਮੰਨਦਾ ਸੀ। ਓਦੋਂ ਮਨਸੁੱਖ ਨੇ ਰਾਜੇ ਦੀ ਤਸੱਲੀ ਕਰਾਈ ਸੀ ਕਿ ਅਸੀ ਨਿਰਾਕਾਰ ਪ੍ਰਭੂ ਨੂੰ ਮੰਨਦੇ ਹਾਂ ਜੋ ਘੱਟ ਘਟ ਵਿੱਚ ਬਿਰਾਜਮਾਨ ਹੈ ਜੋ ਸਦਾ ਚੇਤੰਨ ਹੈ ਤੇ ਜੰਮਦਾ ਮਰਦਾ ਨਹੀ। ਉਹਦੀ ਮੂਰਤੀ ਬਣਾਉਣਾ ਵੀ ਗੁਨਾਹ ਹੈ ਕਿਉਕਿ ਉਹ ਤਾਂ ਹਰ ਹਿਰਦੇ ਵਿੱਚ ਹੈ। ਓਦੋਂ ਮਨਸੁਖ ਨੇ ਗੁਰੂ ਸਾਹਿਬ ਦਾ ਸ਼ਬਦ ਤੇ ਉਹਦਾ ਉਲਥਾ ਬਾਦਸ਼ਾਹ ਨੂੰ ਸੁਣਾਇਆ ਸੀ। ਬਾਦਸ਼ਾਹ ਨੂੰ ਫਿਰ ਸਾਰੀ ਗਲ ਯਾਦ ਆ ਗਈ ਕਿ ਮਨਸੁਖ ਨੇ ਕਿਹਾ ਸੀ ਕਿ ਜੇ ਤੁਸੀ ਗੁਰੂ ਨਾਨਕ ਨੂੰ ਮਿਲਣ ਦੀ ਚਾਹ ਦਿਲੋਂ ਰੱਖਦੇ ਹੋ ਤਾਂ ਇੱਕ ਦਿਨ ਉਹ ਖੁਦ ਆ ਕੇ ਤੁਹਾਨੂੰ ਮਿਲੇਗਾ।

ਫਿਰ ਵੀ ਬਾਦਸ਼ਾਹ ਤੇ ਗੁਰੂ ਸਾਹਿਬ ਦਾ ਜਦੋਂ ਮੇਲ ਹੋਇਆ ਤਾਂ ਉਸ ਸੁਭਾਵਕ ਸਵਾਲ ਪੁੱਛੇ ਕਿ ਤੁਸੀ ਕਿਹੜੇ ਇਲਾਕੇ ਦੇ ਹੋ? ਤੁਸੀ ਬੋਧੀ ਹੋ, ਹਿੰਦੂ ਹੋ ਕਿ ਮੁਸਲਮਾਨ ਹੋ? ਕੀ ਤੁਸੀ ਬ੍ਰਾਹਮਣ ਹੋ, ਜੋਗੀ ਸਨਿਆਸੀ ਕੀ ਹੋ? ਓਥੇ ਸਾਹਿਬ ਨੇ ਫਿਰ ਸ਼ਬਦ ਕਹਿਆ:-

ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ ॥ ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ ॥੧॥ ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥ ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ ॥੧॥ ਰਹਾਉ ॥ ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ ॥ ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ ॥੨॥ ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ ॥ ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ ॥੩॥ ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ ॥ ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ ॥੪॥ ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ ॥ ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ ॥੫॥੧੧॥

ਕਿਹਾ ਹਾਂ ਮੈਂ ਜੋਗੀ ਹਾਂ ਜਿਹਦੀ ਸ਼ਬਦ ਰਾਂਹੀ ਸਦਾ ਰੱਬ ਨਾਲ ਲਿਵ ਲੱਗੀ ਰਹਿੰਦੀ ਹੈ। ਹਾਂ ਮੈਂ ਬ੍ਰਹਾਮਣ ਵੀ ਹਾਂ ਜਿਹੜਾ ਗਿਆਨ ਹਾਸਲ ਕਰਕੇ ਹਮੇਸ਼ਾਂ ਪ੍ਰਭੂ ਦੇ ਗੁਣ ਗਾਉਦਾ ਰਹਿੰਦਾ ਹੈ। ਹਾਂ ਮੈਂ ਹਟਵਾਣੀਆ ਹਾਂ, ਵਪਾਰੀ ਹਾਂ, ਜਿਹੜਾ ਸਦਾ ਹਰੀ ਦਾ ਨਾਮ ਤੋਲਦਾ ਰਹਿੰਦਾ। ਹਾਂ ਮੈਂ ਗੋਰਖ-ਪੰਥੀ ਵੀ ਹਾਂ ਪਰ ਉਹ ਉਦਾਸੀ ਸਿੱਧ ਜਿਹੜਾ ਨਿਰੰਕਾਰ ਨੂੰ ਨਿਰਾ ਅੰਦਰ ਹੀ ਨਹੀ ਵੇਖਦਾ। ਮੇਰਾ ਨਿਰੰਕਾਰ ਅੰਦਰ ਬਾਹਰ ਸਭ ਥਾਂਈ ਹੈ।

ਕਿਹਾ ਜਾਂਦਾ ਹੈ ਕਿ ਫਿਰ ਰਾਜਾ ਆਪਣੀ ਤਸੱਲੀ ਕਰਨ ਉਪਰੰਤ ਸਾਹਿਬ ਦੇ ਚਰਨਾਂ ਤੇ ਢਹਿ ਪਿਆ ਤੇ ਕਹਿਣ ਲੱਗਾ ਕਿ ਮੈਨੂੰ ਕੁਝ ਹੁਕਮ ਕਰੋ। ਗੁਰੂ ਸਾਹਿਬ ਨੇ ਕਿਹਾ ਕਿ ਰਾਜਾ ਸੰਗਤ ਕਰਿਆ ਕਰੋ, ਪ੍ਰਭੂ ਦੇ ਗੁਣਗਾਣ ਕਰਨ ਲਈ ਫਿਰ ਨਾਮ ਤੇ ਵਿਚਾਰ ਕੀਤੀ। ਹੁਕਮ ਮੰਨ ਕੇ ਰਾਜੇ ਨੇ ਫਿਰ ਇੱਕ ਵਖਰੀ ਥਾਂ ਤਿਆਰ ਕਰਵਾਈ। ਸੰਗਤ ਦੇ ਬਹਿਣ ਲਈ ਇੰਤਜਾਮ ਕੀਤਾ ਤੇ ਨੌਕਰਾਂ ਨੂੰ ਹੁਕਮ ਕੀਤਾ ਕਿ ਜਾਓ ਗੁਰੂ ਬਾਬੇ ਨੂੰ ਲੈ ਆਓ। ਬਾਬੇ

ਦੀ ਤਲਾਸ਼ ਹੋਈ। ਬਾਬਾ ਲੱਭੇ ਕਿਤੇ ਵੀ ਨਾਂ। ਲਿਖਿਆ ਹੈ ਕਿ ਉਦੋਂ ਰਾਜੇ ਦਾ ਮੰਨ ਉਦਾਸ ਹੋਇਆ। ਚੁਫੇਰੇ ਲੱਭ ਹਟੇ ਤੇ ਕੀ ਵੇਖਦੇ ਹਨ ਕਿ ਬਾਬਾ ਤਾਂ ਓਸੇ ਨਵੀ ਧਰਮਸਾਲ ਵਿੱਚ ਬੈਠਾ ਸ਼ਬਦ ਗਾ ਰਿਹਾ ਹੈ।

ਰਾਜੇ ਸ਼ਿਵਨਾਭ (ਇਤਿਹਾਸਿਕ ਨਾਮ ਧਰਮਾ ਪ੍ਰਕਰਮਾ-ਬਾਹੂ ਨੌਵੇਂ) ਦੇ ਮਹਿਲਾਂ ਤੋਂ ਕੁਝ ਸਮਾਂ ਪ੍ਰਚਾਰ ਕਰਨ ਉਪਰੰਤ ਗੁਰੂ ਸਾਹਿਬ ਲੰਕਾ ਦੇ ਬਾਕੀ ਧਾਰਮਿਕ ਥਾਵਾਂ ਵਲ ਨਿਕਲ ਪਏ। ਗੁਰੂ ਸਾਹਿਬ ਦੀ ਫੇਰੀ ਵੇਲੇ ਲੰਕਾ ਵਿੱਚ ਜਾਂ ਬੋਧੀਆਂ ਜਾਂ ਹਿੰਦੂਮਤ ਦੇ ਸ਼ੈਵ ਧਰਮਾਂ (ਸਮੇਤ ਜੋਗੀ ਜਾਂ ਸਿੱਧਾਂ ਦੇ) ਦਾ ਜੋਰ ਸੀ। ਜੋਗੀਆਂ ਨੂੰ ਰਜਾ ਵਾਲੇ ਸਿੱਖਮਤ ਵਲ ਲਿਆਉਣ ਲਈ ਗੁਰੂ ਸਾਹਿਬ ਦਾ ਤਾਂ ਲੰਮਾ ਤਜੱਰਬਾ ਹੋ ਚੁੱਕਾ ਸੀ।

ਗੁਰੂ ਸਾਹਿਬ ਕਿਥੇ ਕਿਥੇ ਗਏ ਤੇ ਕੀ ਕੀ ਕੌਤਕ ਕੀਤੇ ਇਸ ਬਾਬਤ ਤਵਾਰੀਖ ਖਾਲਸਾ ਨੇ ਥੋੜੀ ਬਹੁਤ ਜਾਣਕਾਰੀ ਦਿੱਤੀ ਹੈ। ਓਧਰ **'ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ'**⊙ ਅਨੁਸਾਰ ਗੁਰੂ ਸਾਹਿਬ ਦਾ ਸੀਤਾਵਾਕਾ ਸ਼ਹਿਰ (ਮੌਜੂਦਾ ਨਾਂ ਅਵਿਸਾਵੇਲਾ) ਵਿੱਚ ਪਹੁੰਚਣਾ ਲਿਖਿਆ ਹੈ। ਜਿਕਰ ਹੈ ਕਿ ਉਥੇ ਗੁਰੂ ਸਾਹਿਬ ਨੇ ਸਿੱਖ ਸੰਗਤ ਖੜੀ ਕੀਤੀ। ਅਵਿਸਾਵੇਲਾ ਕੋਟੇ ਤੋਂ 33 ਕਿਲੋਮੀਟਰ ਹੈ। ਅਵਿਸਾਵੇਲਾ ਦੀ ਅਹਿਮੀਅਤ ਗੁਰੂ ਸਾਹਿਬ ਦੇ ਵੇਲੇ ਤਾਂ ਏਨੀ ਨਹੀ ਸੀ ਪਰ ਜਦੋਂ ਭਾਈ ਪੈੜਾ ਮੋਖਾ ਨੇ



ਰਾਜੇ ਸ਼ਿਵਨਾਭ ਨਾਲ ਗੁਰੂ ਸਾਹਿਬ ਤੇ ਭਾਈ ਮਰਦਾਨਾ। ਤਸਵੀਰ ਬੀ-40 ਤੋਂ

ਦੱਖਣ ਦੀ ਯਾਤਰਾ ਕੀਤੀ ਓਦੋਂ ਸੀਤਾਵਾਕਾ ਮਸ਼ਹੂਰ ਹੋ ਚੁੱਕਾ ਸੀ ਤੇ ਦੇਸ ਦੀ ਰਾਜਧਾਨੀ ਬਣ ਚੁੱਕਾ ਸੀ।

ਅਵਿਸਾਵੇਲਾ ਤੋਂ 70 ਕਿਲੋਮੀਟਰ ਪੂਰਬ ਗੁਰੂ ਸਾਹਿਬ ਨੁਵਾਰਾ ਏਲੀਆ ਆਏ। ਮਿਥਿਹਾਸਿਕ ਰਮਾਇਣ ਦੀ ਇਹ ਉਹ ਥਾਂ ਹੈ

ਪੈੜ ਸਫਾ

**ਕੌਣ ਸੀ ਰਾਜਾ ਸ਼ਿਵਨਾਭ?– ਇਤਹਾਸਿਕ ਪੱਖ:** ਪ੍ਰਾਕਰਾਮਾ ਬਾਹੂ ਅੱਠਵਾ ਕਿ ਧਰਮਾ ਪ੍ਰਾਕਰਮਾ ਬਾਹੂ - ਲੱਗ ਪਗ ਸਾਰੀਆਂ ਜਨਮ ਸਾਖੀਆਂ ਨੇ ਗੁਰੂ ਸਾਹਿਬ ਦਾ ਸਿੰਘਲਾਦੀਪ (ਲੰਕਾ) ਜਾਣਾ ਲਿਖਿਆ ਹੈ। ਪਰ ਇਨਾਂ ਸਭ ਤੋਂ ਮਹੱਤਵਪੂਰਨ ਵਰਨਣ ਭਾਈ ਬੰਨੋ ਵਾਲੀ ਬੀੜ ਦੇ ਅੰਤਲੇ ਬਾਹਰੀ ਪੱਤਰਿਆਂ ਤੇ ਲਿਖੀ ਇਬਾਰਤ ਤੋਂ ਮਿਲਦਾ ਹੈ। ਗਲ ਕੁਝ ਇਸ ਤਰਾਂ ਹੋਈ ਸੀ ਕਿ ਪੰਚਮ ਪਾਤਸ਼ਾਹ ਨੇ ਭਾਈ ਪੈੜੇ ਨੂੰ ਲੰਕਾ ਭੇਜਿਆ ਸੀ ਕਿਉਕਿ ਅਫਵਾਹ ਸੀ ਕਿ ਗੁਰੂ ਸਾਹਿਬ ਲੰਕਾ 'ਚ ਰਹਿੰਦਿਆਂ ' ਪ੍ਰਾਣ ਸੰਗਲੀ' ਨਾਂ ਦੀ ਬਾਣੀ ਰਚੀ ਸੀ ਜੋ ਓਥੇ ਹੀ ਇੱਕ ਭਾਟੜੇ ਨੂੰ ਬਖਸ਼ ਦਿੱਤੀ। ਗੁਰੂ ਸਾਹਿਬ ਉਸਦਾ ਉਤਾਰਾ ਚਾਹੁੰਦੇ ਸਨ ਤਾਂ ਕਿ ਉਨ੍ਹੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਜਾ ਸਕੇ। ਭਾਈ ਪੈੜੇ ਨੇ ਜੋ ਰਿਪੋਰਟ ਦਿੱਤੀ ਉਹ ਸੰਖੇਪ ਵਿੱਚ ਇਸ ਬੀੜ ਦੇ ਅੰਤ ਵਿੱਚ ਭਾਈ ਬੰਨੋ ਨੇ 'ਹਕੀਕਤ ਰਾਹ ਮੁਕਾਮ ਰਜਾ ਸਿਵਨਾਭ ਕੀ' (Report on route and places of Raja Shivnabh) ਲਿਖ ਦਿੱਤੀ ਜੋ ਵੱਡਾ ਇਤਿਹਾਸਿਕ ਦਸਤਾਵੇਜ ਬਣ ਜਾਂਦਾ ਹੈ। ਭਾਈ ਪੈੜੇ ਨੇ ਲਿਖਿਆ ਹੈ ਕਿ ਜਦੋਂ ਉਹ ਲੰਕਾ ਗਇਆ ਤਾਂ ਉਸ ਵੇਲੇ ਰਾਜ ਬਾਦਸ਼ਾਹ ਮਾਇਆ ਦੁੰਨੇ ਦਾ ਸੀ ਜੋ ਇਤਿਹਾਸਿਕ ਤੌਰ ਤੇ ਦਰੁਸਤ ਹੈ: ਮਾਇਆ ਦੁੰਨੇ (ਹਕੂਮਤ 1521- 1581) ਭਾਈ ਪੈੜੇ ਨੇ ਇੱਕ ਗਲ ਹੋਰ ਲਿਖੀ ਹੈ ਕਿ ਗੁਰੂ ਸਾਹਿਬ ਰਾਜਾ ਸ਼ਿਵਨਾਭ ਨੂੰ ਮਿਲੇ ਸਨ ਜੋ ਰਾਜਾ ਮਾਇਆ ਦੁੰਨੇ ਦੇ ਦਾਦਾ ਸੀ।

ਜਦੋਂ ਸ੍ਰੀ ਲੰਕਾ ਦਾ ਇਤਹਾਸ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਰਾਜਾ ਮਾਇਆ ਦੁੰਨੇ ਦੇ ਦਾਦਾ ਨਾਂ ਪ੍ਰਕਰਮਾ ਬਾਹੂ ਅੱਠਵਾ ਹੈ।

ਪਰ ਅੱਜ ਇੱਕ ਹੋਰ ਸਬੂਤ ਵੀ ਮਿਲਦਾ ਹੈ। ਇੱਕ ਸਿਲਲੇਖ ਹੈ ਜੋ ਅਨੁਰਾਧਾਪੁਰਾ ਦੇ ਅਜਾਇਬ ਘਰ ਵਿੱਚ ਪਿਆ ਹੈ। ਇਸ ਵਿੱਚ ਜਿਕਰ ਹੈ ਕਿ ਕੋਈ ਜਨਾਨਕ ਅਚਾਰੀਆ ਰਾਜਾ ਧਰਮਾ ਪ੍ਰਕਰਮਾ ਬਾਹੂ ਨੌਵੇ ਨੂੰ ਰਾਜੇ ਦੀ ਹਕੂਮਤ ਦੇ 15 ਸਾਲ ਵਿੱਚ ਮਿਲਿਆ ਸੀ। ਪਰ ਬਦਕਿਸਮਤੀ ਨਾਲ ਲੰਕਾ ਦੇ ਰਾਜਿਆਂ ਦਾ ਸਹੀ ਸਹੀ ਰਾਜ ਕਾਲ ਲੱਭਣ ਵਿੱਚ ਵਿਦਵਾਨਾਂ ਵਿੱਚ ਮਤਭੇਦ ਹਨ। ਕਿਸੇ ਅਨੁਸਾਰ 1513/14 ਈ ਵੇਲੇ ਰਾਜ ਪ੍ਰਾਕਰਾਮਾ ਬਾਹੂ ਅੱਠਵੇ ਦਾ ਰਾਜ ਬਣਦਾ ਤੇ ਦੂਸਰਿਆਂ ਅਨੁਸਾਰ ਰਾਜ ਧਰਮਾ ਪ੍ਰਕਰਮਾ ਬਾਹੂ ਨੌਵੇ ਦਾ। ਇਨਾਂ ਹਾਲਾਤਾਂ ਦੇ ਮੱਦੇ ਨਜਰ ਸਿੱਖ ਵਿਦਵਾਨਾਂ (ਡਾ. ਕਿਰਪਾਲ ਸਿੰਘ, ਕੋਹਲੀ) ਵਿਦਵਾਨਾਂ ਨੇ ਨੇ ਭਾਈ ਪੈੜੇ ਦੀ ਗਲ ਨੂੰ ਤਰਜੀਹ ਦਿੱਤੀ ਹੈ ਤੇ ਮੰਨਿਆ ਹੈ ਕਿ ਗੁਰੂ ਸਾਹਿਬ ਦੀ ਲੰਕਾ ਫੇਰੀ ਮੌਕੇ ਰਾਜ ਪ੍ਰਾਕਰਾਮਾ ਬਾਹੂ ਅੱਠਵੇ ਦਾ ਹੀ ਸੀ, ਕਿਉਕਿ ਉਹ ਹੀ ਮਹਾਰਾਜਾ ਮਾਇਆ ਦੁੰਨੇ ਦਾ ਦਾਦਾ ਸੀ।

ਅਸੀ ਇਸ ਮਸਲੇ ਤੇ ਆ ਕੇ ਪੈੜੇ ਮੌਕੇ ਦੇ ਬਿਆਨ ਭਰੋਸੇਯੋਗ ਨਹੀ ਮੰਨਦੇ ਤੇ ਸਮਝਦੇ ਹਾਂ ਕਿ ਸਿਲਲੇਖ ਦੀ ਅਹਿਮੀਅਤ ਪੈੜੇ ਮੋਖੇ ਦੀ 'ਹਕੀਕਤ ਰਾਹ ਮੁਕਾਮ' ਨਾਲੋ ਜਿਆਦਾ ਹੈ। ਕਾਰਨ ਕੁਝ ਇਸ ਤਰਾਂ ਹਨ:-

1. ਕਨੂੰਨ ਵਿੱਚ ਮੌਕੇ ਦਾ ਗਵਾਹ ਜਿਆਦਾ ਅਹਿਮੀਅਤ ਰੱਖਦਾ ਹੈ ਬਿਜਾਏ ਉਹ ਬੰਦਾ ਜਿਹੜਾ ਇਤਹਾਸ ਦੱਸ ਰਿਹਾ ਹੈ। ਪੈੜਾ ਮੋਖਾ ਓਦੋਂ ਇਤਹਾਸ ਦੱਸ ਰਿਹਾ ਹੁੰਦਾ ਹੈ ਜਦੋਂ ਉਹ ਕਹਿੰਦਾ ਹੈ ਕਿ ਮਹਾਰਾਜਾ ਮਾਇਆ ਦੁੰਨੇ ਦੇ ਦਾਦਾ ਨੂੰ ਸਾਹਿਬ ਮਿਲੇ ਸਨ।

2. ਸਿਲਲੇਖ ਮੌਜੂਦਾ ਗਵਾਹ ਹੈ। (ਕਈ ਸੱਜਣ ਇਸ ਗਲ ਤੇ ਇਤਰਾਜ ਉਠਾ ਸਕਦੇ ਨੇ ਕਿ ਸਿਲਲੇਖ ਵਿੱਚ ਨਾਨਕ ਨਹੀ ਸਗੋਂ ਜਨਾਨਕ ਅਚਾਰੀਆ ਲਿਖਿਆ ਹੈ। ਪਰ ਅਗਲੀ ਇਬਾਰਤ ਗੁਰੂ ਸਾਹਿਬ ਦੀ ਪਛਾਣ ਤੇ ਪੱਕੀ ਮੋਹਰ ਲਾ ਦਿੰਦੀ ਹੈ ਕਿਉਕਿ ਅੱਗੇ ਲਿਖਿਆ ਹੈ ਕਿ ਜਨਾਨਕ ਇਕ-ਈਸਵਰੀਵਾਦੀ ਹੈ, ਮੂਰਤੀ ਪੂਜਾ ਦਾ ਖੰਡਣ ਕਰਦਾ ਹੈ, ਜਾਤ-ਪਾਤ ਤੇ ਬ੍ਰਾਹਮਣ ਦੀ ਸਰਬਉਚਤਾ ਦੇ ਸਿਧਾਂਤ ਦਾ ਵਿਰੋਧੀ ਹੈ।)

3. ਪੈੜੇ ਨੇ ਗਲਤੀ ਨਾਲ ਧਰਮਾ ਪ੍ਰਾਕਰਮਾ ਬਾਹੂ ਨੂੰ ਹੀ ਮਾਇਆ ਦੁੰਨੇ ਦਾ ਦਾਦਾ ਕਹਿ ਦਿੱਤਾ ਹੋਵੇਗਾ। ਜਿਸ ਦਾ ਕਾਰਨ ਇਹ ਹੈ ਕਿ ਮਾਇਆ ਦੁੰਨੇ ਧਰਮਾ ਤੋਂ ਤੀਸਰੇ ਥਾਂ ਆ ਕੇ ਰਾਜ ਗੱਦੀ ਤੇ ਬੈਠਾ। ਕਿਉਕਿ ਧਰਮਾ ਤੋਂ ਬਾਦ ਉਹਦਾ ਪੁੱਤ ਨਹੀ ਸਗੋਂ ਛੋਟਾ ਭਰਾ ਵਿਜੇ ਬਾਹੂ ਗੱਦੀ ਤੇ ਬੈਠਾ। ਤੇ ਬਾਦ ਵਿੱਚ ਮਾਇਆ ਦੁੰਨੇ। ਸੋ ਪੈੜੇ ਮੋਖੇ ਨੇ ਬਸ ਤਿੰਨ ਪੀੜੀਆਂ ਗਿਣੀਆਂ ਤੇ ਲਿਖ ਦਿੱਤਾ ਸੁ ਕਿ ਮਾਇਆ ਦੁੰਨੇ ਪੋਤਰਾ ਹੈ ਰਾਜੇ ਸ਼ਿਵਨਾਭ ਦਾ। ਅਸਲ ਵਿੱਚ ਮਾਇਆ ਦੁੰਨੇ ਧਰਮਾ ਪ੍ਰਕਰਮਾ ਬਾਹੂ (ਭਾਵ ਸ਼ਿਵਨਾਭ) ਦਾ ਭਤੀਜਾ ਹੈ।

(ਤਰਲੋਚਨ ਸਿੰਘ ਨੇ ਵੀ ਬਿਨਾਂ ਕੋਈ ਵੀਚਾਰ ਕੀਤੇ, ਸਿੱਧਾ ਮਾਇਆ ਦੁੰਨੇ ਦੇ ਤਾਇਆ ਧਰਮਾ ਪ੍ਰਕਰਮਾ ਬਾਹੂ ਨੌਵੇ ਨੂੰ ਹੀ ਰਾਜਾ ਸ਼ਿਵਨਾਭ ਮੰਨ ਲਿਆ ਹੈ)

ਅਸੀ ਫਿਰ ਦੁਹਰਾ ਦਿੰਦੇ ਹਾਂ ਕਿ ਪਦਮਨਾਭਪੁਰ ਦੇ ਗਰੰਥ ਪੁਰੇ ਨੂੰ ਪੜ੍ਹਨ ਦਾ ਬਾਦ ਇਨਾਂ ਮਸਲਿਆ ਦਾ ਹੱਲ ਸ਼ਾਇਦ ਨਿਕਲ ਜਾਵੇ। ਸਾਡੇ ਹਿਸਾਬ ਜਨਮ ਸਾਖੀਆਂ ਨੇ ਲੰਕਾ ਤੇ ਪਦਮਨਾਭਪੁਰ ਦੀਆਂ ਸਾਖੀਆਂ ਨੂੰ ਰਲਾ ਦਿੱਤਾ ਹੈ।

ਸੋ ਧਰਮਾ ਪ੍ਰਾਕਰਮਾ-ਬਾਹੂ ਨੌਵਾ ਹੀ ਸਿੱਖ ਇਤਹਾਸ ਦਾ ਰਾਜਾ ਸ਼ਿਵਨਾਭ ਹੈ। ਇਹ ਵੀ ਹੋ ਸਕਦਾ ਹੈ ਕਿ ਧਰਮਾ ਨੇ ਬਾਦਸ਼ਾਹ ਬਣਨ ਉਪਰੰਤ ਨਾਂ ਧਾਰਨ ਕੀਤਾ ਹੋਵੇ ਤੇ ਬਚਪਨ ਦਾ ਨਾਂ ਸ਼ਿਵਨਾਭ ਹੋਵੇ।

ਧਰਮਾ ਦੇ ਸ਼ਾਸਨ ਕਾਲ ਪ੍ਰਤੀ ਵਿਦਵਾਨ ਇੱਕ ਮਤ ਤੇ ਨਹੀ ਹਨ:

https://tvaraj.com/tag/dharma-parakramabahu-ix/

https://en.wikipedia.org/wiki/Parakramabahu_IX_of_Kotte

ਪੈੜ ਅਗਲੇ ਸਫੇ ਤੇ **ਚਲਦਾ** ➡

ਜਿੱਥੇ ਰਾਵਣ ਨੇ ਸੀਤਾ ਨੂੰ ਕੱਢਣ ਤੋਂ ਬਾਦ ਰੱਖਿਆ ਹੋਇਆ ਸੀ। ਨੁਵਾਰਾ ਏਲੀਆ ਬਾਅਡੁਲਾ ਸ਼ਹਿਰ ਤੋਂ ਸਿਰਫ 30 ਕਿਲੋਮੀਟਰ ਹਟਵਾ ਹੈ। ਬਾਡੁਲਾ ਦਾ ਇਲਾਕਾ ਹਿੰਦੂ ਮਿੱਥਹਾਸ ਰਮਾਇਣ ਨਾਲ ਸਬੰਧ ਰੱਖਦਾ ਦੱਸੀਦਾ ਹੈ। ਇਹ ਰਾਵਣ ਦੀ ਰਾਜਧਾਨੀ ਸੀ। ਇਥੇ ਹੀ ਸੀਥਾ ਕੋਟਵਾ (ਸੀਤਾ ਵਾਲਾ ਕਿਲਾ), ਰਾਵਣ ਇੱਲਾ ਮਤਲਬ ਇਹ ਹੀ ਲੰਕਾ ਪੁਰਾ ਹੈ। ਇਨਾਂ ਸਥਾਨਾਂ ਦੇ ਇਤਹਾਸ ਦੀ ਉਸਤਤ ਜਦੋਂ ਕੋਈ ਜੋਗੀ ਗੁਰੂ ਸਾਹਿਬ ਨੂੰ ਦੱਸ ਰਿਹਾ ਸੀ ਤਾਂ ਗੁਰੂ ਸਾਹਿਬ ਨੇ ਭਗਤ ਰਵਿਦਾਸ ਦਾ ਇਹ ਸ਼ਬਦ ਗਾਇਆ:-

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥ ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥ ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥ ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥ ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥ ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥ ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥ ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥ ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥ ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥ ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥ ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥ ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥ ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥ ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥ ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥ ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥ ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥੮॥੧॥

ਸਾਹਿਬ ਨੇ ਓਥੇ ਲੋਕਾਂ ਨੂੰ ਸਮਝਾਇਆ ਕਿ ਓਹ ਪੁਰਾਣੇ ਯੁੱਗਾਂ ਦੀਆਂ ਗੱਲਾਂ ਨੇ, ਤੇ ਰਾਜਿਆ ਨੂੰ ਹੀ ਤੁਸੀ ਅਵਤਾਰ ਕਰਕੇ ਮੰਨਦੇ ਤੇ ਧਿਆਨ ਲਾਉਦੇ ਹੋ। ਪਰ ਯਾਦ ਰੱਖੋ ਕਲਿਜੁਗ ਵਿੱਚ ਪ੍ਰਭੂ ਦੀ ਉਸਤਤ ਹੀ ਪਰਵਾਨ ਹੈ ਚਾਹੇ ਉਨੂੰ ਕੀਰਤਨ ਕਰਕੇ ਕਰੋ, ਪੜ੍ਹ ਕੇ ਬੋਲ ਕੇ ਕਰੋ ਜਾਂ ਉਸ ਬਾਰੇ ਵੀਚਾਰ ਜਾਂ ਖੋਜ ਕਰ ਲਓ। ( ਯਾਦ ਰਹੇ ਇਸੇ ਲੈਅ ਵਿੱਚ ਫਿਰ ਗੁਰੂ ਅਮਰਦਾਸ ਪਾਤਸ਼ਾਹ ਨੇ ਵੀ ਬਾਣੀ ਰਚੀ ਕਿ ਕਲਿਜੁਗ ਵਿੱਚ ਸਿਰਫ ਨਾਮ ਹੀ ਕੰਮ ਆਉਣਾ ਹੈ। ਐਵੇ ਧਿਆਨ ਸ਼ਿਆਨ ਜਾਂ ਸਮਾਧੀ ਲਾਉਣ ਤੇ ਜੋਰ ਨਾਂ ਦਿਓ:

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥)

ਬਾਅਡੁੱਲਾ ਤੋਂ 75 ਕਿਲੋਮੀਟਰ ਦਾ ਸਫਰ ਕਰਦੇ ਹੋਏ ਪੱਸਰਾ, ਮਲਿਗਥੇਨਾ ਤੇ ਬੁਟੱਲਾ ਹੁੰਦੇ ਹੋਏ ਕਾਟਾਰਾਗਾਮਾ ਸ਼ਹਿਰ• ਪਹੁੰਚੇ ਜਿੱਥੇ ਕਾਰਤਿਕ ਭਗਵਾਨ ਦਾ ਪ੍ਰਸਿਧ ਮੰਦਰ ਹੈ। ਇਥੋਂ ਦਾ ਮੇਲਾ ਬੜਾ ਪ੍ਰਸਿਧ ਸੀ। ਓਥੇ ਦੇ ਪੰਡੇ ਜੋ ਲੋਕਾਂ ਨੂੰ ਉਲੂ ਬਣਾ ਕੇ ਮਾਇਆ ਇਕੱਠੀ ਕਰਦੇ ਸਨ ਓਨਾਂ ਨੂੰ ਰਾਹੇ ਪਾਇਆ। ਦੂਸਰੀ ਪ੍ਰਸਿਧੀ ਸੀ ਕਿ ਇਥੋਂ ਮਾਣਕ ਮੋਤੀ ਨਿਕਲਦੇ ਸਨ ਜਿੰਨਾਂ ਦੀ ਪੰਜਾਬ ਵਿੱਚ ਮੰਗ ਹੁੰਦੀ ਸੀ।

ਕਾਟਾਰਾਗਾਮਾ ਤੋਂ 20 ਕਿਲੋਮੀਟਰ ਕਰਿੰਡਾ ਆਏ ਜਿਥੋਂ ਕਾਟਾਰਾਗਾਮਾ ਲਈ ਬੇੜੀ ਪੈਂਦੀ ਸੀ ਤੇ 200 ਕਿਲੋਮੀਟਰ ਦਾ ਸਫਰ ਸਮੁੰਦਰ ਰਾਂਹੀ ਕਰਕੇ ਬੱਟੀਕਲੋਆ ਸ਼ਹਿਰ ਵਿਖੇ ਪਧਾਰੇ।

ਬੱਟੀਕਲੋਆ (ਮਟੀਆਕੁਲਮ) ਤੋਂ 80 ਕਿਲੋਮੀਟਰ ਉਤਰ-ਪੱਛਮ ਵਿੱਚ ਦੀਵਰ ਮਵਾਥਾ (ਪੋਲਨਨਰੂਆ) ਸ਼ਹਿਰ ਹੈ। ਤਵਾਰੀਖ ਖਾਲਸਾ ਨੇ ਲਿਖਿਆ ਹੈ ਕਿ ਇਥੇ ਇੱਕ 'ਚੰਗਾ' ਨਾਂ ਦਾ ਭਾਟੜਾ ਲੰਕਾ 'ਚ ਸਿੱਧ ਅਵਤਾਰ ਬਣੀ ਬੈਠਾ ਸੀ। ਭੋਲੇ ਭਾਲੇ ਲੋਕਾਂ ਕੋਲੋਂ ਆਪਣੀ ਪੂਜਾ ਕਰਵਾਉਦਾ ਸੀ। ਗੁਰੂ ਸਾਹਿਬ ਨੇ ਉਸ ਨੂੰ ਵੀ ਨਿਰੰਕਾਰ ਦੇ ਲੜ ਲਾਇਆ। ਜਿਸ ਕਾਰਨ ਚੰਗਾ-ਭਾਟੜੇ ਦੀ ਹਜਾਰਾਂ ਦੀ ਗਿਣਤੀ ਦੀ ਸੰਗਤ ਵੀ ਗੁਰਮਤ ਦੇ ਲੜ ਲੱਗੀ। ਜਨਮ ਸਾਖੀਆਂ ਵਿੱਚ ਦਰਜ ਹੈ ਕਿ ਇਸ ਭਾਟੜੇ ਦੀ ਸੰਗਤ ਹਜਾਰਾਂ ਲੱਖਾਂ ਵਿੱਚ ਸੀ।

ਓਧਰ ਤਵਾਰੀਖ ਖਾਲਸਾ (1875 ਈ.)⊙ ਵਿੱਚ ਲਿਖਿਆ ਹੈ ਕਿ ਭਾਟੜੇ ਦੇ ਸਥਾਨ ਤੇ ਉਦਾਸੀ ਮੱਠ ਹੈ ਅਤੇ ਓਥੇ ਵੀ ਗੁਰੂ ਸਾਹਿਬ ਦੀਆਂ ਚਰਨ ਪਾਦੁਕਾ (ਖੜਾਵਾਂ) ਮੌਜੂਦ ਹਨ। ਲਿਖਿਆ ਹੈ ਕਿ ਓਥੇ ਇੱਕ ਥੰਭੇ ਓਤੇ ਪੂਰਾ ਜਪੁਜੀ ਸਾਹਿਬ ਲਿਖਿਆ ਪਿਆ ਹੈ ਤੇ ਫੱਗਣ ਦੇ ਮਹੀਨੇ ਮੇਲਾ ਲੱਗਦਾ ਹੈ। ਪਰ ਹੁਣ 100 ਸਾਲ ਬਾਦ ਮੌਜੂਦਾ ਸਮੇਂ ਵਿੱਚ ਵਿਦਵਾਨਾਂ ਨੂੰ ਕੋਈ ਅਜਿਹਾ ਮੱਠ ਨਹੀ ਲੱਭ ਰਿਹਾ। ਇਹ ਵੀ ਹੋ ਸਕਦਾ ਇਸ ਬਾਬਤ ਗੰਭੀਰ ਯਤਨ ਹੀ ਨਾਂ ਹੋਏ ਹੋਣ।▫

ਬੱਟੀਕਲੋਆ ਦੇ ਦੱਖਣ 'ਚ 20 ਕਿਲੋਮੀਟਰ ਹਟਵਾਂ ਇੱਕ ਪਿੰਡ ਹੈ 'ਕੁਰੁਕਲ ਮੰਡਮ' (ਗੁਰੂ ਦਾ ਥੜਾ) ਇਥੇ ਦੇ ਲੋਕਾਂ ਵਿੱਚ ਰਵਾਇਤ ਚਲੀ ਆਉਦੀ ਹੈ ਕਿ ਕੋਈ ਸਿੱਧ ਗੁਰੂ ਇਥੇ 500 ਸਾਲ ਪਹਿਲਾਂ ਆਇਆ ਸੀ। ਜਿਸ ਗੁਰੂ ਪ੍ਰਤੀ ਲੋਕਾਂ ਵਿੱਚ ਸ਼ਰਧਾ ਹੈ। ਸਿੱਖ ਵਿਦਵਾਨਾਂ ਨੇ ਇਹੋ ਅੰਦਾਜਾ ਲਾਇਆ ਹੈ ਕਿ ਇਹ ਸਿੱਧ ਕੋਈ ਹੋਰ ਨਹੀ ਸਗੋਂ ਗੁਰੂ ਨਾਨਕ ਹੀ ਸੀ। ਕਿਉਕਿ ਗੁਰੂ ਸਾਹਿਬ ਤੋਂ ਬਾਦ ਜੋ ਥੋੜਾ ਬਹੁਤ ਕਿਸੇ ਨੇ ਸਿੱਖੀ ਦਾ ਪ੍ਰਚਾਰ ਇਸ ਇਲਾਕੇ ਕੀਤਾ ਸੀ ਤਾਂ ਉਹ ਜੋਗੀ ਜਾਂ ਸਿੱਧ ਹੀ ਸਨ ਜੋ ਗੁਰਮਤ ਵਿੱਚ ਆ ਗਏ ਹੋਏ ਸਨ। ਇਸ ਕਰਕੇ ਗੁਰੂ ਨਾਨਕ ਵੀ ਇਥੇ ਜੋਗੀ ਕਹਾਏ।

ਪੈੜ ਸਫਾ

**⊙ ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ॥** ਨਾਗਾ ਪਟਣੁ ਬਿਦਰ ਤਿਜਾਵਰ ਸਹਗਾਹ ਤਹਾ ਕਾ ਰਾਜਾ ਆਇਰਾਪਤਿ ਨਾਇਕੁ ਹੈ॥ ਤਹਾ ਵਲਾਇਤ ਰਾਮਰਾਜੇ ਕੀ ਹੈ॥ ਤਹਾ ਤੇ ਲੋਕੁ ਜਹਾਜਿ ਚੜਤਾ ਹੈ॥ ਤਿਨਿ ਦਿਨ ਤਿਨਿ ਰਾਤਿ ਵਿਚਿ ਜਾਪਾ ਪਟਣ ਪਾਰ ਕਾ ਬੰਦਰੁ ਹੈ॥ ਤਹਾ ਜਾਇ ਉਤਰਤਾ ਹੈ ਸੋ ਸਿੰਘਲਾਦੀਪੁ ਹੈ॥ ਚਉਦਹ ਸੈ ਗਾਉ ਵਿਚਿ ਵਸਦਾ ਹੈ॥ ਤਹਾਂ ਸਤ ਰਾਜੇ ਸੇ॥ ਗੁਰੂ ਬਾਬੇ ਕੇ ਬਚਨਿ ਇਕੁ ਰਾਜੁ ਹੋਆ ਹੈ। ਸਿਵਨਾਭ ਰਾਜੇ ਕੀ ਸੰਤਤਿ ਸਦਾਵਦਿ ਸਹਰਿ ਹੈ॥ ਤਖਤਗਾਹ ਤਹਾ ਅਬ ਰਾਜਾ ਮਇਆ ਦਓਨੀ ਹੈ॥ ਰਾਜੇ ਰਾਇ ਸਿੰਘ ਕਾ ਬੇਟਾ ਰਾਜੇ ਸਿਵਨਾਭ ਕਾ ਪੋਤਾ ਹੈ॥ ਤਹਾ ਗੁਰੂ ਕੀ ਧਰਮਸਾਲਾ ਹੈ॥ ਸੰਗਤਿ ਜੁੜਤਿ ਹੈ ਕੀਰਤਨ ਹੋਤਾ ਹੈ॥ ਰਸੋਈ ਬੀਸ ਮਣ ਲੂਣੁ ਹਰੋਜ ਲਗਤਾ ਹੈ॥ ਨੇਕਾ ਪਟਣੁ ਬੀਜਾ ਨਗਰ ਤੇ ਇਕਤ੍ਰੀ ਕੋਸ ਹੈ॥ ਘਰ ਭਾਟੜਿਆ ਕੇ ਬੇਗਾਪੁਰੁ ਬੀਜਾਪੁਰ ਤੇ ਕੋਸ ਅਸੀ ਹੈ॥ ਅਰੋਗਾ ਪੇਠਿ ਹੈ॥ ਤਹਾ ਸੰਗਤਿ ਚੰਗੇ ਭਾਟੜੇ ਕੀ ਹੈ॥ ਤਿਸ ਕੀ ਗਿਰਦ ਨਿਵਾਹੀ ਸਿਖ ਸੰਗਤ ਬਹੁਤ ਹੈ॥ ਅਰੁ ਭਾਟੜਿਆ ਕੇ ਘਰ ਤੇ ਕਜਲੀਬਣ ਕੋਸ ਅਸੀ ਹੈ॥ ਤਿਰਿਆ ਰਾਜ ਹੈ॥ ਤਹਾ ਭੀ ਗੁਰੂ ਬਾਬਾ ਕਾ ਦੇਹਰਾ ਹੈ॥ ਸੰਗਤਿ ਭਾਟੜਿਆ ਕੇ ਜੁੜਤੀ ਹੈ॥ ਤਹਾ ਭੀ ਗੁਰੂ ਕਾ ਦੇਹੁਰਾ ਹੈ॥ ਸੰਗਤਿ ਭਾਟੜਿਆ ਕੇ ਜੁੜਤੀ ਹੈ॥ ਓਥੇ ਗੁਰੂ ਸਿਧਾ ਨਾਲਿ ਗੋਸਟਿ ਕਰਿ ਕੇ ਪੂਜਾ ਖਿਚਿ ਲੀਤੀ ਹੈ ਸੁ॥ ਤਬ ਸਿਧ ਗੁਰੂ ਕਾ ਜੋਰ ਅਜਮਾਇ ਕੈ ਪੈਰੀ ਆਇ ਪਏ ਹੈਨਿ॥ ਉਸ ਥਾਓ ਕਾ ਨਾਮ ਕਜਲੀਬਨੁ ਤ੍ਰਿਆ ਰਾਜੁ ਹੈ॥ ਤਹਾ ਭੀ ਸੰਗਤਿ ਹੈ॥

ਤਵਾਰੀਖ ਖਾਲਸਾ (ਪੰ:169) ਨੇ ਗੁਰੂ ਸਾਹਿਬ ਦਾ ਪੁਸ਼ਾਲਾਪੁਰ (ਪਸਿਆਲਾ) ਜੋ ਕੋਲੰਬੋ-ਕੈਂਡੀ ਸੜਕ ਤੇ ਹੈ, ਵੀ ਜਾਣਾ ਲਿਖਿਆ ਹੈ ਪਰ ਇਤਹਾਸ ਫੋਲਦਿਆਂ ਸਾਨੂੰ ਤਾਂ ਇਸ ਜਗਾ ਦੀ ਕੋਈ ਜਿਆਦਾ ਮਹੱਤਤਾ ਨਜਰ ਨਹੀ ਆਈ। ਗਿਆਨੀ ਜੀ ਨੇ ਲਿਖਿਆ ਹੈ ਕਿ ਇਹ ਉਹ ਥਾਂ ਹੈ ਜਿੱਥੇ ਸੀਤਾ ਨੂੰ ਅਗਵਾ ਕਰਨ ਉਪਰੰਤ ਰੱਖਿਆ ਗਇਆ ਸੀ। ਦੂਸਰੇ ਪਾਸੇ ਲੰਕਾ ਵਿੱਚ ਜੋ ਅੱਜ ਪ੍ਰੰਪਰਾ ਮਸ਼ਹੂਰ ਹੈ ਉਸ ਮੁਤਾਬਿਕ ਸੀਤਾ ਨੂੰ ਵੀਰਾਂਗਾਟੋਟਾ ਵਿਖੇ ਰੱਖਿਆ ਗਇਆ ਸੀ ਜੋ ਕੈਂਡੀ ਤੋਂ 39 ਕਿਲੋਮੀਟਰ ਦੂਰ ਪੂਰਬ ਵਿੱਚ ਹੈ।

ਏਸੇ ਤਰਾਂ ਗਿਆਨੀ ਜੀ ਨੇ ਗੁਰੂ ਸਾਹਿਬ ਦਾ ਲੰਕਾਗੜ੍ਹ ਜਾਂ ਲੰਕਾਪੁਰਾ ਜਾਣਾ ਲਿਖਿਆ ਹੈ ਜਿਸ ਦਾ ਸਥਾਨਕ ਨਾਂ ਵੀਰਾਗਾਂਟੋਟਾ ਹੈ ਜੋ ਬੈਟੀਕਲੋਆ ਤੋਂ 85 ਕਿਲੋਮੀਟਰ ਪੱਛਮ ਵਿੱਚ ਹੈ। (ਰਮਾਇਣ ਕਥਾ ਦੀ ਇਹ ਉਹ ਜਗਾ ਹੈ ਜਿੱਥੇ ਰਾਵਣ ਦਾ ਕਿਲਾ ਸੀ।)

ਦੀਵਰ ਮੱਵਾਥਾ ਤੋਂ 80 ਕਿਲੋਮੀਟਰ ਉਤਰ ਨੂੰ ਚਲ ਕੇ ਗੁਰੂ ਸਾਹਿਬ ਤ੍ਰਿੰਕੋਮਾਲੀ ਪਹੁੰਚ ਇਥੋਂ ਦੇ ਰਾਜਾ ਨੂੰ ਮਿਲ ਕੇ ਇੱਕ ਨਿਰੰਕਾਰ ਸਰਬਵਿਆਪਕ ਦਾ ਗਿਆਨ ਕਰਾਇਆ। ਇਥੋਂ ਗੁਰੂ ਸਾਹਿਬ ਕੋਨੇਸਵਰਮ ਮੰਦਰ ਗਏ ਜਿਹਦੀ ਇਮਾਰਤੀ ਖ਼ੂਬਸੂਰਤ ਪ੍ਰਸਿਧ ਸੀ। ਇਸ ਮੰਦਰ ਨੂੰ ਬਾਦ 1622 ਈ. ਪੁਰਤਗਾਲੀਆਂ ਨੇ ਤੁੜਵਾ ਦਿੱਤਾ। ਇਥੋ ਇੱਕ ਸਿਲਲੇਖ ਪੁਰਤਗਾਲੀ ਆਪਣੇ ਨਾਲ ਲੈ ਗਏ ਜਿਸ ਤੇ ਲਿਖਿਆ ਹੈ ਕਿ ਲੰਕਾ ਵਿੱਚ 500 ਸਾਲ ਗੋਰੇ ਰਾਜ ਕਰਨਗੇ ਤੇ ਬਾਦ ਵਿੱਚ ਰਾਜ ਵਡੁੱਕਿਆਂ (ਤਮਿਲਾਂ) ਦਾ ਹੋਵੇਗਾ। ਇਹ ਸਿਲਲੇਖ ਅੱਜ ਵੀ ਲਿਸਬਨ ਦੇ ਅਜਾਇਬ ਘਰ ਵਿੱਚ ਮੌਜੂਦ ਹੈ।

ਮੰਦਰ 'ਚ ਜਦੋਂ ਗੁਰੂ ਸਾਹਿਬ ਗਏ ਤਾਂ ਇਨਾਂ ਦੀ ਚਰਚਾ ਤਾਂ ਚਾਰ ਚੁਫੇਰੇ ਹੁਣ ਤੱਕ ਹੋ ਚੁੱਕੀ ਸੀ ਸਭ ਮਾਈ ਭਾਈ ਸਾਧੂ ਸੰਤ ਜੋਗੀ ਜੰਗਮ ਆ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਪਹੁੰਚੇ। ਇੱਕ ਪੁਜਾਰੀ ਨੇ ਗੁਰੂ ਸਾਹਿਬ ਦੇ ਉਪਦੇਸ਼ ਬਾਰੇ ਸੁਣਿਆ ਹੋਇਆ ਸੀ ਕਿ ਉਹ ਸਰਬ ਵਿਆਪਕ ਨਿਰੰਕਾਰ ਦਾ ਪ੍ਰਚਾਰ ਕਰ ਰਹੇ ਹਨ। ਗੁਰੂ ਸਾਹਿਬ ਨੂੰ ਖੁਸ਼ ਕਰਨ ਲਈ ਉਸ ਕਿਹਾ ਕਿ ਈਸ਼ਵਰ ਹੋਰ ਕੋਈ ਨਹੀ ਇਹ ਪੰਜੇ ਤੱਤ ਹੀ ਈਸ਼ਵਰ ਹੈ। ਓਥੇ ਫਿਰ ਗੁਰੂ ਸਾਹਿਬ ਨੇ ਪੁਜਾਰੀ ਦੀ ਗਲਤ ਫਹਿਮੀ ਦੂਰ ਕੀਤੀ ਕਿ ਮੈਂ ਉਸ ਨਿਰੰਕਾਰ ਦਾ ਪ੍ਰਚਾਰਕ ਹਾਂ ਜਿਸ ਦੇ ਕੰਟਰੋਲ ਤਹਿਤ ਸਾਰੀ ਸ੍ਰਿਸਟੀ ਤੇ ਪੰਜੇ ਤੱਤ ਵੀ ਹਨ। ਸਾਹਿਬ ਨੇ ਸ਼ਬਦ ਬੋਲਿਆ:

ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥ ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥ ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥ ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥ ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥ ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥

ਤ੍ਰਿਕੋਲੀਮਾਲੀ ਤੋਂ ਜਾਫਨਾ (ਜਨਮਸਾਖੀਆਂ ਦਾ ਜਾਪਾ ਪਟਣ ਜਾਂ ਜਾਫਨਾਪਟਨਮ) ਦਾ 300 ਕਿਲੋਮੀਟਰ ਲੰਮਾ ਸਫਰ ਗੁਰੂ ਸਾਹਿਬ ਨੇ ਬੇੜੇ ਰਾਂਹੀ ਹੀ ਕੀਤਾ। ਇਸ ਇਲਾਕੇ 'ਚ ਜਹਾਜਰਾਣੀ ਦਾ ਚਲਨ ਜਿਆਦਾ ਹੀ ਸੀ। ਸਾਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਓਨੀ ਦਿਨੀ ਰਾਜੇ ਤੇ ਧਾਰਮਿਕ ਅਸਥਾਨ (ਮੰਦਰ ਆਦਿ) ਸਾਧੂਆਂ ਨੂੰ ਹਰ ਸੰਭਵ ਸਹੂਲਤ ਪਹੁੰਚਾਉਦੇ ਸਨ। ਸਾਧੂ ਹੀ ਸੰਚਾਰ ਦਾ ਵੱਡਾ ਸਾਧਨ ਸਨ। ਬਹੁਤੇ ਰਾਜਿਆਂ ਨੇ ਸਾਧੂਆਂ ਵਾਸਤੇ ਸਰਾਵਾਂ ਵੀ ਬਣਵਾਇਆਂ ਹੋਈਆਂ ਸਨ।

ਜਾਫਨਾ ਜਦੋਂ ਗੁਰੂ ਸਾਹਿਬ ਪਹੁੰਚੇ ਇਥੋ ਦਾ ਰਾਜਾ ਓਨੀ ਦਿਨੀ ਸਿੰਘੇ-ਪਰਾਰਾ-ਜਸ-ਗਰਾਮ (1478-1519 ਈ.) ਸੀ। ਇਹ ਰਾਜਾ ਸੁਭਾਅ ਦਾ ਉਂਜ ਕੌੜਾ, ਪਰ ਧਰਮੀ ਸੀ ਜਿਸ ਦੇ ਰਾਜ ਵਿੱਚ ਵਪਾਰ ਸਾਹਿਤ ਤੇ ਹਿੰਦੂ ਧਰਮ ਪ੍ਰਫੁਲਤ ਹੋਇਆ ਸੀ।

----◈----

## ਦਸਵੇਂ ਦੁਆਰ ਸੁਆਸ ਚੜਾਉਂਦਾ ਜੋਗੀ ਚੜ੍ਹਾਈ ਕਰ ਗਿਆ

ਜਾਫਨਾ ਦੇ ਇੱਕ ਦੋ ਮੰਦਰਾਂ 'ਚ ਹੋ ਕੇ ਜਦੋਂ ਸਾਹਿਬ ਇੱਕ ਜੋਗੀ ਆਸ਼ਰਮ ਗਏ ਤਾਂ ਮਹੰਤ ਤਾਂ ਪਹਿਲਾਂ ਹੀ ਅੱਗ ਬਬੂਲਾ ਹੋਈ ਬੈਠਾ ਸੀ। ਕਹਿੰਦਾ ਨਾਨਕ ਮੈਂ ਤੇਰੇ ਇਧਰ ਆਉਣ ਦਾ ਸੁਣਿਆ ਸੀ। ਇਹ ਤੁਹਾਡੀ ਜਿਆਦਤੀ ਹੈ ਜਿਹੜਾ ਤੁਸੀ ਲੰਕਾ ਵਿੱਚ ਬਿਨਾਂ ਮੇਰੀ ਆਗਿਆ ਦੇ ਪ੍ਰਚਾਰ ਕਰ ਰਹੇ ਹੋ। ਮੈਂ ਇਸ ਇਲਾਕੇ ਦਾ ਮਾਲਕ ਹਾਂ (ਧਾਰਮਿਕ ਨੇਤਾ) ਹਾਂ। ਤੁਹਾਨੂੰ ਚਾਹੀਦਾ ਸੀ ਪਹਿਲਾਂ ਮੇਰੇ ਨਾਲ ਗਲ ਕਰਦੇ। ਗੁਰੂ ਸਾਹਿਬ ਕੋਲੋਂ ਪੁੱਛਿਆ ਕਿ ਕਿਹੜੇ ਦੇਸ ਤੋਂ ਹੋ। ਸਾਹਿਬ ਨੇ ਦੱਸਿਆ ਕਿ ਲਹੌਰ ਪੰਜਾਬ ਤੋਂ ਹਾਂ। ਮਹੰਤ ਨੇ ਆਪਣੇ ਬਾਰੇ ਦੱਸਿਆ ਸੀ ਕਿ ਮੈਂ ਮਰਾਠਵਾੜਾ ਇਲਾਕੇ ਤੋਂ ਹਾਂ।

ਗੁਰੂ ਸਾਹਿਬ ਨੇ ਜਵਾਬ ਵਿੱਚ ਬਹੁਤ ਹਲੀਮੀ ਵਰਤੀ। ਉਹ ਹੋਰ ਵੀ ਹੰਕਾਰ ਵਿੱਚ ਆ ਗਿਆ। ਉਸ ਨੇ ਦਾਵਾ ਕੀਤਾ ਕਿ ਮੈਂ 6 ਮਹੀਨੇ ਲੰਮੀ ਸਮਾਧੀ ਲਾਉਦਾਂ ਹਾਂ ਤੇ ਜਦੋਂ ਖੋਲਦਾ ਹਾਂ ਤਾਂ ਸਾਰੀ ਲੁਕਾਈ ਇਥੇ ਇਕੱਤ੍ਰ ਹੁੰਦੀ ਹੈ। ਉਹਦੇ ਚੇਲੇ ਬਾਲਕਿਆਂ ਨੇ ਚਮਚਾਗਿਰੀ ਕਰਦਿਆਂ ਕਿਹਾ ਕਿ ਸੁਆਮੀ ਅਕਸਰ ਸੁਆਸ ਦਸਵੇਂ ਦੁਆਰ ਚੜਾਉਦੇ ਹਨ ਤੇ ਇਨਾਂ ਨੂੰ ਸਾਰੀ ਤ੍ਰਿਲੋਕੀ (ਭਾਵ ਧਰਤੀ, ਅਕਾਸ਼ ਤੇ ਪਤਾਲ) ਦੀ ਸੋਝੀ ਹੋ ਜਾਂਦੀ ਹੈ। ਉਹ ਮਹੰਤ ਦੀਆਂ ਸਿਫਤਾਂ ਕਰਦੇ ਰਹੇ ਤੇ ਗੁਰੂ ਸਾਹਿਬ ਸ਼ਾਂਤ ਚਿਤ ਸੁਣਦੇ। ਜਦੋਂ ਉਹ ਚੁੱਪ ਹੋਏ ਤਾਂ ਸਾਹਿਬ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ ਤੇ ਸ਼ਬਦ ਗਾਵਿਆ●●:-

ਗਉੜੀ ਚੇਤੀ ਮਹਲਾ ੧ ॥ ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥ ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥੧॥ ਸੁਣਿ ਸੁਣਿ ਸਿਖ ਹਮਾਰੀ ॥ ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥੧॥ ਰਹਾਉ ॥ ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ ॥ ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ ॥ ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ ॥ ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥੨॥ ਤੂੰ ਕਾਇਆ ਰਹੀਅਹਿ ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ ॥ ਕਰਿ ਚੋਰੀ ਮੈ ਜਾ ਕਿਛੁ ਲੀਆ ਤਾ ਮਨਿ ਭਲਾ ਭਾਇਆ ॥ ਹਲਤਿ ਨ ਸੋਭਾ ਪਲਤਿ ਨ ਢੋਈ ਅਹਿਲਾ ਜਨਮੁ ਗਵਾਇਆ ॥੩॥ ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ ਮੇਰੀ ਬਾਤ ਨ ਪੁਛੈ ਕੋਈ ॥੧॥ ਰਹਾਉ ॥ ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ ॥ ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ ॥ ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥੪॥ ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ ॥ ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ ॥ ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ ॥੫॥ ਸੁਣਿ ਮੂਰਖ ਮੰਨ ਅਜਾਣਾ ॥ ਹੋਗੁ ਤਿਸੈ ਕਾ ਭਾਣਾ ॥੧॥ ਰਹਾਉ ॥ ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸ ਕੇ ਵਣਜਾਰੇ ॥ ਜੀਉ ਪਿੰਡੁ ਸਭ ਰਾਸਿ ਤਿਸੈ ਕੀ ਮਾਰਿ ਆਪੇ ਜੀਵਾਲੇ ॥

ਜੋਗੀ ਕਹਿਣ ਲੱਗਾ ਇਹ ਜੋ ਤੁਸਾਂ ਗਾਇਆ ਇਹਦਾ ਕੀ ਮਤਲਬ? ਗੁਰੂ ਸਾਹਿਬ ਨੇ ਵਿਆਖਿਆ ਕੀਤੀ ਕਿ ਬਿਨਾਂ ਪੂਰਨ ਗੁਰੂ ਦੇ ਇਹ ਭਗਤੀ ਅਧੂਰੀ ਹੈ। ਤੇ ਬਿਨਾਂ ਸ਼ਬਦ ਦੇ ਭਾਵ ਬਿਨਾਂ ਨਾਮ ਜਾਂ ਮਾਲਕ ਦੀ ਉਸਤਤ ਦੇ ਇਹ ਸਭ ਕੁਝ ਵਿਅੱਰਥ ਹੈ ਤੇ ਭਗਤੀ ਦੇ ਨਾਂ ਤੇ ਨਿਰਾ ਹੰਕਾਰ ਹੈ। ਜੋਗੀਆਂ ਦੀ ਬੋਲੀ ਵਿੱਚ ਸਮਝਾਇਆ ਸਾਹਿਬ ਨੇ ਕਿ ਮੰਨ ਨੂੰ ਕਿਵੇ ਕਾਬੂ ਕਰਨਾਂ ਕਿਵੇ ਸੂਰਜ ਚੰਦਾ ਹਿਰਦੇ ਵਿੱਚ ਬੰਨਣੇ ਨੇ। ਇਹ ਮੰਨ ਪਾਣੀਓ ਬਾਹਰ ਮੱਛੀ ਦੀ ਨਿਆਈ ਤੜਫਦਾ ਰਹਿੰਦਾ ਹੈ ਉਹ ਤਰੀਕਾ ਸਮਝਣਾ ਚਾਹੀਦਾ ਕਿ ਇਹ ਪ੍ਰਾਣ ਪਖੇਰੂ ਜਿਆਦਾ ਉਡਾਰੀਆਂ ਨਾਂ ਹੀ ਸਰੀਰ ਰੂਪੀ ਕੰਧ ਸਾਥ ਛੱਡੇ।

ਗੁਰੂ ਸਾਹਿਬ ਦਾ ਉਪਦੇਸ਼ ਸੁਣ ਕੇ ਜੋਗੀ ਨੂੰ ਹੋਰ ਗੁੱਸਾ ਚੜਿਆ। ਅਖੇ ਜੁਗਾਂ ਜੁਗਾਤਰਾਂ ਤੋਂ ਜੋਗੀ ਬਿਨਾਂ ਸ਼ਬਦ ਦੇ ਧਿਆਨ ਲਾਉਦੇ ਆਏ ਹਨ ਇਹ ਨਵਾਂ ਹੀ ਓਠਿਐ ਉਪਦੇਸ਼ ਦੇਣ ਨੂੰ ਕਿ ਗੁਰੂ ਧਾਰੋ ਤੇ ਸ਼ਬਦ ਰਾਂਹੀ ਨਾਮ ਜਪੋ।

ਜੋਗੀ ਨੇ ਐਲਾਨ ਕਰ ਦਿੱਤਾ ਕਿ ਮੈਂ ਤਿੰਨ ਦਿਨ ਸਮਾਧੀ 'ਚ

ਰਵਾਂਗਾ ਤੇ ਚੌਥੇ ਦਿਨ ਨਾਨਕ ਨਾਲ ਗਲ ਕਰਾਂਗਾ। ਗੁਰੂ ਸਾਹਿਬ ਨੂੰ ਵੰਗਾਰਿਆ ਕਿ ਚੌਥੇ ਦਿਨ ਮੇਰੇ ਨਾਲ ਗਲ ਕਰਨਾਂ। ਚੇਲਿਆਂ ਨੇ ਵੀ ਹਾਮੀ ਭਰੀ ਕਿ ਸੁਆਮੀ ਜੀ ਬਿਨਾਂ ਕੁਝ ਖਾਧੇ ਪੀਤੇ ਰਹਿਣਗੇ। ਭਾਵ ਪਾਣੀ ਵੀ ਨਹੀ ਪੀਂਣਗੇ। ਇਨਾਂ ਦਾ ਸਾਹ ਵੀ ਨਹੀ ਚਲਣਾ। ਦਸਵੇਂ ਦੁਆਰ ਦਾ ਇਨਾਂ ਅਨੰਦ ਲੈਣਾ ਹੈ।

ਜੋਗੀ ਨੇ ਸਮਾਧੀ ਲਾਈ। ਦੂਸਰੇ ਦਿਨ ਕੀ ਵੇਖਦੇ ਨੇ ਕਿ ਜੋਗੀ ਸਮਾਧੀ ਤੋਂ ਡਿੱਗ ਚੁੱਕਾ ਹੈ। ਪਹਿਲਾਂ ਕਦੀ ਇਸ ਤਰਾਂ ਤਾਂ ਨਹੀ ਸੀ ਹੁੰਦਾ। ਘਬਰਾਏ ਹੋਏ ਚੇਲਿਆਂ ਨੇ ਹਾਲਾਤ ਵੇਖ ਕੇ ਜਗਾਉਣਾ ਚਾਹਿਆ। ਪਰ ਵਿਚਾਰਾ ਜੋਗੀ ਕਿਥੇ ਜਾਗੇ। ਸਵਾਸ ਦਸਵੇ ਦੁਆਰ ਚੜਾਉਦਾ ਚੜਾਉਦਾ ਉਹ ਤਾਂ ਚੜ੍ਹਾਈ ਹੀ ਕਰ ਚੁੱਕਾ ਸੀ।

ਗੁਰੂ ਸਾਹਿਬ ਨੇ ਇਸ ਉਪਰੰਤ ਦੋ ਸ਼ਬਦ ਹੋਰ ਉਚਾਰੇ ਜੋ ਗੁਰੂ ਗਰੰਥ ਸਾਹਿਬ ਦੇ ਅੰਗ 992 ਤੇ ਦਰਜ ਹਨ। ਜਿੰਨਾਂ ਦਾ ਸਾਰ ਇਹ ਹੈ ਕਿ ਇਹ ਹੈ ਕਿ ਨਾਮ (ਭਾਵ ਰੱਬ ਦੀ ਉਸਤਤ ਦੇ ਸਬਦ) ਸਮਾਧੀਆਂ ਲਾਉਣੀਆਂ ਵਿਅੱਰਥ ਹਨ।*

ਇਹ ਖਬਰ ਸਾਰੇ ਇਲਾਕੇ ਵਿੱਚ ਅੱਗ ਦੀ ਤਰਾਂ ਫੈਲ ਗਈ। ਇਲਾਕੇ ਦੇ ਹੋਰ ਜੋਗੀ ਵੀ ਇਕੱਠੇ ਹੋਏ। ਗੁਰੂ ਸਾਹਿਬ ਨੇ ਮੌਕਾ ਵੇਖ ਨਾਮ ਦਾ ਪ੍ਰਚਾਰ ਕੀਤਾ।

ਅਗਲੀ ਗਲ ਇਥੋ ਦਾ ਰਾਜਾ ਸਿੰਘੇ, ਕੋਟੇ ਦੇ ਰਾਜੇ ਸ਼ਿਵਨਾਭ ਦੇ ਅਧੀਨ ਸੀ। ਜਿਸ ਕਾਰਨ ਵੀ ਗੁਰੂ ਸਾਹਿਬ ਲਈ ਪ੍ਰਚਾਰ ਕਰਨਾਂ ਹੋਰ ਵੀ ਸੌਖਾ ਹੋ ਗਿਆ।

----◆----

## ਮਰਦਾਨੇ ਦੇ ਕਹਿਣ ਤੇ ਜਾਫਨਾ ਦੇ ਸੱਤ ਦੀਪਾਂ ਦੀ ਸੈਰ ਵੀ ਕੀਤੀ+

ਜਿਵੇ ਪਿੱਛੇ ਦਸਿਆ ਹੈ ਕਿ ਗੁਰੂ ਸਾਹਿਬ ਦਾ ਮੁੱਖ ਨਿਸ਼ਾਨਾ ਰਾਜਨੀਤਕ ਤੇ ਧਾਰਮਿਕ ਕੇਂਦਰ ਹੁੰਦੇ ਸਨ ਜਾਂ ਫਿਰ ਮੇਲੇ। ਪਰ ਮਰਦਾਨੇ ਨੇ ਸੁਣਿਆ ਸੀ ਕਿ ਜਾਫਨਾ ਇਲਾਕੇ ਦੇ ਦੀਪਾਂ ਦਾ ਨਜਾਰਾ ਬੜਾ ਮਨਮੋਹਨਾ ਹੁੰਦਾ ਹੈ ਸੋ ਉਸ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਆਪਾਂ ਜਾਫਨਾ ਦੇ ਮੁੱਖ ਟਾਪੂ ਤੋਂ ਇਲਾਵਾ ਬਾਕੀ ਦੇ ਦੀਪ ਵੀ ਵਿਖੀਏ। ਜਨਮ ਸਾਖੀਆਂ 'ਚ ਆਉਦਾ ਹੈ ਗੁਰੂ ਸਾਹਿਬ ਨੇ ਐਤਕਾਂ ਮਰਦਾਨੇ ਦੀ ਬੇਨਤੀ ਮੰਨ ਕੇ ਬਾਕੀ ਦੇ ਸੱਤ ਟਾਪੂਆਂ ਦੀ ਵੀ ਸੈਰ ਕੀਤੀ। ਲੱਗਦਾ ਹੈ ਜਿੰਨਾਂ ਟਾਪੂਆਂ ਦੀ ਗੁਰੂ ਸਾਹਿਬ ਨੇ ਸੈਰ ਕੀਤੀ ਉਹ ਹਨ ਪੁੰਕਦੂ-ਦੀਪ, ਨੇਦੂੰ ਦੀਪ (ਡੈਲਫ), ਨੈਨਾ ਦੀਪ, ਮੰਦਾਇ ਦੀਪ, ਕਾਇਤ/ਵੇਲਾਨਾਇ ਦੀਪ, ਏਲੂਵਾਇ ਦੀਪ ਅਤੇ ਅਨਾਲਾਇਦੀਪ। ਅੱਜ ਤੋਂ 500 ਸਾਲ ਪਹਿਲਾਂ ਇਹਨਾਂ ਟਾਪੂਆ ਦੀ ਕੀ ਹਾਲਤ ਸੀ ਪਰ ਅਜ ਕਲ ਤਾਂ ਇਥੇ ਘਣੀ ਅਬਾਦੀ ਹੈ। ਦੁਆਲੇ ਪਾਣੀ ਵੀ ਜਿਆਦਾ ਡੂੰਘਾ ਨਹੀ ਹੈ । ਕਿਤੇ ਕਿਤੇ ਤਾਂ ਗਜ ਡੂੰਘਾਈ ਵੀ ਨਹੀ ਹੈ। ਕਿਉਕਿ ਪਿੱਛਲੇ 500 ਸਾਲਾਂ ਵਿੱਚ ਇਥੇ ਸਮੁੰਦਰ ਦੀ ਤਹਿ ਕਾਫੀ ਉੱਚੀ ਹੋਈ ਹੈ ਲੱਗਦਾ ਹੈ ਕਿ ਗੁਰੂ ਸਾਹਿਬ ਦੇ ਵੇਲਿਆਂ 'ਚ ਇਹ ਦੀਪ ਰਕਬੇ ਵਿੱਚ ਜਿਆਦਾ ਵੱਡੇ ਸਨ।

ਲੰਕਾ ਦੀਆਂ ਸੈਰਾਂ ਕਰਕੇ ਮਰਦਾਨਾ ਕਹਿਣ ਲੱਗਾ ਬਾਬਾ ਜੀ ਹੁਣ ਹੋਰ ਸਮੁੰਦਰ ਨਹੀ ਵੇਖਣੇ ਹੁਣ ਪੰਜਾਬ ਵਲ ਪਰਤੀਏ। ਗੁਰੂ ਸਾਹਿਬ ਹਾਂ ਕੀਤੀ ਤੇ ਮਰਦਾਨੇ ਦਾ ਮੰਨ ਪ੍ਰਸੰਨ ਹੋਇਆ।◈◈

◉◉ ਸੋ ਏਸੇ ਤਰਾਂ ਸੈਰ ਕਰਦੇ ਹੋਏ ਗੁਰੂ ਸਾਹਿਬ ਜਾਫਨਾ ਤੋਂ 123 ਕਿਲੋਮੀਟਰ ਦਾ ਸਫਰ ਬੇੜੇ ਰਾਂਹੀ ਕਰਨ ਉਪਰੰਤ ਮਸ਼ਹੂਰ ਬੰਦਰਗਾਹ ਨਾਗਾਪਟਨਮ ਆ ਉਤਰੇ।

—▲—

ਪੈੜ ਸਫਾ

ਫਿਰ ਜੋਗੀਆਂ ਨੇ ਓਦੋ ਅਫਵਾਹ ਵੀ ਉਡਾਈ ਕਿ ਗੁਰੂ ਸਾਹਿਬ ਨੇ ਪ੍ਰਾਣ ਸੰਗਲੀ ਨਾਂ ਦੀ ਬਾਣੀ ਲੰਕਾ ਰਹਿ ਕੇ ਰਚੀ ਹੈ ਜੋ ਓਥੇ ਹੀ ਸੁਰੱਖਿਅਤ ਪਈ ਹੈ। ਗੁਰੂ ਅਰਜਨ ਦੇਵ ਨੇ ਵੱਡਾ ਯਤਨ ਕਰਕੇ ਉਹ ਬਾਣੀ ਹਾਸਲ ਕੀਤੀ ਤੇ ਪਾਇਆ ਕਿ ਉਹ ਪ੍ਰਾਣ ਸੰਗਲੀ ਗੁਰੂ ਸਾਹਿਬ ਦੀ ਰਚਨਾ ਨਹੀ ਸਗੋਂ ਸੰਨਿਆਸੀ ਜੋਗੀਆਂ ਦੀ ਬਾਣੀ ਹੈ।

ਇਹ ਵੀ ਸ਼ੱਕ ਕੀਤਾ ਜਾਂਦਾ ਹੈ 'ਚੰਗਾ ਭਾਟੜਾ' ਜੋ ਜੋਗੀਆਂ ਵਿੱਚ ਉੱਚਾ ਥਾਂ ਰੱਖਦਾ ਸੀ, ਹੋ ਸਕਦਾ ਕੇ ਪ੍ਰਾਣ ਸੰਗਲੀ ਓਸੇ ਦੀ ਹੀ ਰਚਨਾ ਹੋਵੇ। ਯਾਦ ਰਹੇ 'ਚੰਗਾ' ਗੁਰੂ ਸਾਹਿਬ ਦੀ ਸੰਗਤ ਤੋਂ ਬਾਦ ਸਿੱਖ ਬਣ ਗਇਆ ਸੀ ਜਿਸ ਨੇ ਉਸ ਇਲਾਕੇ ਵਿੱਚ ਸਿੱਖੀ ਦਾ ਵੱਡਾ ਪ੍ਰਚਾਰ ਕੀਤਾ।

ਇਕ ਦੋ ਲਿਖਾਰੀਆਂ ਨੇ ਲਿਖਿਆ ਹੈ ਅਨੁਰਾਧਾਪੁਰਾ ਵਿਖੇ ਪਏ ਸਿਲਲੇਖ ਅਨੁਸਾਰ ਗੁਰੂ ਸਾਹਿਬ ਲੰਕਾ ਵਿਖੇ 1511 ਈ ਨੂੰ ਪਧਾਰੇ ਸਨ। ਪਰ ਅਸੀ ਸਮਝਣਦੇ ਹਾਂ ਇਹ ਸਬੂਤ ਨਾਲੋ ਜਿਆਦਾ ਅਟਕਲਬਾਜੀ ਹੀ ਹੈ। ਜਿਵੇ ਲਿਖਾਰੀਆਂ ਨੇ ਬਗਦਾਦ ਦੀ ਸਿਲ ਬਾਰੇ ਕੀਤਾ ਸੀ। ਫਿਰ ਵੀ ਜੇ ਇਹ ਗਲ ਸਾਬਤ ਹੋ ਜਾਂਦੀ ਹੈ ਤਾਂ ਫਿਰ ਬਾਲੇ ਵਾਲੀ ਸਾਖੀ ਦੀ ਇਹ ਸਤਰ ਕਿ ਗੁਰੂ ਸਾਹਿਬ ਲੰਕਾ ਤੋਂ ਬੰਗਾਲ ਵਲ ਗਏ "ਜਿਥੇ ਝੰਡੇ ਬਾਡੀ ਦੀ ਮੰਜੀ ਹੈ" ਸੱਚ ਸਾਬਤ ਹੋ ਜਾਂਦੀ ਹੈ। (ਬਾਲਾ -156, ਗਰੇਵਾਲ ਵੈਬ ਪੇਜ)

ਜਨਮ ਸਾਖੀਆਂ ਨੇ ਜਿਹੜੀ ਗਲ ਲਿਖੀ ਹੈ ਕਿ ਜਿੱਥੇ ਗੁਰੂ ਸਾਹਿਬ ਨੇ ਡੇਰਾ ਲਾਇਆ ਸੀ ਉਹ ਬਗੀਚੀ ਹਰੀ ਭਰੀ ਹੋ ਗਈ, ਇਥੇ ਵੀ ਉਨਾਂ ਨੂੰ ਟਪਲਾ ਲੱਗਾ ਲੱਗਦਾ ਹੈ ਕਿਉਕਿ ਇਹ ਸਾਖੀ ਕਿਸੇ ਦੂਸਰੇ ਥਾਂ ਦੀ ਹੈ। ਕੋਟੇ (ਕੋਲੰਬੋ) ਵਿੱਚ ਅਮੂਮਨ ਬਾਰਸ਼ ਠੀਕ ਹੋ ਜਾਂਦੀ। ਨਮੀਂ ਵੀ ਸਾਰਾ ਸਾਲ ਬਣੀ ਰਹਿੰਦੀ ਹੈ।

** ਕਿਰਪਾਲ -78, ⊙ ਗਿਆਨੀ - 168

◈ ਗਿਆਨੀ- 168 ਨੇ ਕਾਟਾਰਾਗਾਮਾ ਸ਼ਹਿਰ ਨੂੰ ਕਤਲੇਸ਼ ਨੇੜੇ ਖੰਡੀ (ਭਾਵ ਕੈਂਡੀ) ਲਿਖਿਆ ਹੈ ਜੋ ਗਲਤ ਹੈ। ਦਰ ਅਸਲ ਇਹ ਮੋਨਾਰਗਾਲਾ ਜਿਲੇ ਵਿੱਚ ਹੈ।

◆ ਕਿਰਪਾਲ-78 ਨੇ ਹੀ ਇਸ ਬਾਬਤ ਉਪਰਾਲਾ ਕੀਤਾ ਸੀ। ਉਸ ਨੇ ਕੁਰੁਕਲ ਮੰਡਮ ਲੱਭਿਆ। ਪਰ ਗਿਆਨੀ ਦੇ ਦੱਸੇ ਕਈ ਸਥਾਨ ਉਹ ਲੱਭਣ ਵਿੱਚ ਅਸਫਲ ਰਿਹਾ ਹੈ।

◘ ਕਿਰਪਾਲ -81. ਨੇ ਗੁਰੂ ਸਾਹਿਬ ਦਾ ਅਨੁਰਾਧਾਪੁਰਾ ਜਾਣਾ ਵੀ ਲਿਖਿਆ ਹੈ। ਸਾਨੂੰ ਇਸ ਤੇ ਸ਼ੱਕ ਹੈ ਕਿਉਕਿ ਗੁਰੂ ਸਾਹਿਬ ਦੀ ਫੇਰੀ ਵੇਲੇ ਦੁਨੀਆ ਦਾ ਇਹ ਪੁਰਾਣਾ ਸ਼ਹਿਰ ਅਨੁਰਾਧਾਪੁਰਾ ਓਨੀ ਦਿਨੀ ਆਪਣੀ ਅਹਿਮੀਅਤ ਗਵਾ ਚੁੱਕਾ ਸੀ। ਸ਼ਾਇਦ 11ਵੀ ਸਦੀ ਤੋਂ 19ਵੀ ਸਦੀ ਤੱਕ ਇਹ ਸ਼ਹਿਰ ਗਵਾਚਿਆ ਜਿਹਾ ਰਿਹਾ। ਹਾਲਾਂ ਇੱਕ ਪਿੰਡ ਦੇ ਤੌਰ ਤੇ ਥੋੜੀ ਬਹੁਤੀ ਅਬਾਦੀ ਬਚੀ ਰਹੀ ਸੀ। ਇਹੋ ਹੀ ਕਾਰਨ ਹੈ ਕਿ ਇਸ ਇਲਾਕੇ ਵਿੱਚ ਇਤਹਾਸ ਬੜੀ ਖੂਬਸੂਰਤੀ ਨਾਲ ਸਾਂਭਿਆ ਪਿਆ ਹੈ। ਅਨੁਰਾਧਾਪੁਰਾ ਦਾ ਇੱਕ ਤਰਾਂ ਨਾਲ ਪੁਰਾਤਨ ਇਤਹਾਸ ਦਾ ਅਜਾਇਬਘਰ ਹੈ। ਇਥੇ ਕੋਈ ਮਹੱਤਵਪੂਰਨ ਹਿੰਦੂ ਮੰਦਰ ਵੀ ਸ਼ਾਇਦ ਹੀ ਹੋਵੇ।



ਸਿੰਨਹਾਲੀ ਇਤਹਾਸਕਾਰ ਜਿਸ ਨੇ ਗੁਰੂ ਸਾਹਿਬ ਨਾਲ ਸਬੰਧਤ ਸਿਲਲੇਖ ਉਜਾਗਰ ਕੀਤਾ: ਡਾ. ਸਿੱਧਮੰਗਲਾ ਕਰੁਨਾਰਤਨੇ

✚ ਮਨੀ ਸਿੰਘ-458, * ਮਨੀ ਸਿੰਘ-399

◈◈ ਲੰਕਾ ਤੋਂ ਗੁਰੂ ਸਾਹਿਬ ਵਾਪਸ ਪੰਜਾਬ ਵਲ ਪਰਤੇ ਸਨ। -ਭਾਈ ਮਨੀ ਸਿੰਘ, ਪੁਰਾਤਨ-169, ਬੀ-40 :122

●● ਸਾਡਾ ਅੰਦਾਜ਼ਾ (ਚੰਗੀ ਤਰਾਂ ਵੀਚਾਰੋ ਕਿਉਕਿ ਸੋਢੀ 2- 427 ਨੇ ਇਹ ਬਾਣੀ ਕਰਤਾਰਪੁਰ ਰਚੀ ਹੋਣ ਬਾਰੇ ਲਿਖਿਆ ਹੈ)

◉◉ ਵੇਖੋ ਹਕੀਕਤ ਰਾਹ ਮੁਕਾਮ

ਸੁਚੇਤ ਰਿਹਾ ਜਾਵੇ: ਇੰਟਰਨੈੱਟ ਤੇ ਦੋ ਜਾਹਲੀ ਜਿਹੇ ਵਿਦਵਾਨ ਸ੍ਰੀ ਲੰਕਾ ਫੇਰੀ ਬਾਰੇ ਭੰਬਲਭੂਸੇ ਪਾਉਣ ਦੀ ਕੋਸ਼ਿਸ਼ ਕਰ ਰਹੇ ਨੇ। ਇਹ ਦਾਵਾ ਕਰ ਰਹੇ ਨੇ ਅਸੀ ਲੰਕਾ ਘੁੰਮਿਆ ਹੈ।